# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 09 ISSUE : 50 SATURDAY, 11 DECEMBER, 2021

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP, RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਕੈਨੇਡਾ ਵਿਚ ਮਾਸਕ ਦਾ ਆਦੇਸ਼

# ਸੂਬਾ ਦਰ ਸੂਬਾ ਕਰ ਰਿਹਾ ਹੈ ਨਿਯਮਾਂ ਤੇ ਛੋਟਾਂ 'ਤੇ ਵਿਚਾਰ



ਓਟਵਾ-ਓਮੀਕਰੋਨ ਵੈਰੀਐਂਟ ਦੇ ਉਭਾਰ ਨਾਲ ਕੋਵਿਡ-19 ਮਹਾਂਮਾਰੀ ਵਿਚ ਆਈ ਨਵੀਂ ਤੇਜ਼ੀ ਨੂੰ ਦੇਖਦੇ ਹੋਏ ਕੈਨੇਡੀਅਨਾਂ ਨੂੰ ਵਾਇਰਸ ਦੇ ਫੈਲਣ ਨੂੰ ਸੀਮਤ ਕਰਨ ਦੀ ਕੋਸ਼ਿਸ਼ ਵਿਚ ਜਨਤਕ ਥਾਵਾਂ 'ਤੇ ਜਾਣ ਸਮੇਂ ਮਾਸਕ ਪਹਿਨਣ ਤੇ ਚਿਹਰਾ ਢੱਕ ਕੇ ਰੱਖਣ ਲਈ ਕਿਹਾ ਜਾ ਰਿਹਾ ਹੈ। ਬਹੁਤੇ ਲੋਕਾਂ ਨੂੰ ਚਿਹਰੇ ਢੱਕ ਕੇ ਰੱਖਣ ਲਈ ਕਿਹਾ ਜਾ ਰਿਹਾ ਹੈ ਜਦਕਿ ਕੁਝ ਲੋਕਾਂ ਨੂੰ ਛੋਟ ਮਿਲੀ ਹੋਈ ਹੈ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦੀ ਵੈੱਬਸਾਈਟ 'ਤੇ ਪਾਈ ਅਧਿਕਾਰਤ ਗਾਈਡੈਂਸ ਦਾ ਕਹਿਣਾ ਕਿ 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਜਾਂ ਬਿਮਾਰੀ ਜਾਂ ਅਪਾਹਜਤਾ ਵਾਲੇ ਵਿਅਕਤੀਆਂ ਜਿਨ੍ਹਾਂ ਲਈ ਬਿਨ੍ਹਾਂ ਸਹਾਇਤਾ ਮਾਸਕ ਪਾਉਣਾ ਮੁਸ਼ਕਿਲ ਹੈ ਅਤੇ ਜਿਨ੍ਹਾਂ ਨੂੰ ਮਾਸਕ ਪਹਿਨ ਰੱਖਣ ਨਾਲ ਸਾਹ ਲੈਣ ਵਿਚ ਤਕਲੀਫ ਹੁੰਦੀ ਹੈ।

### ਹਰੇਕ ਸੂਬੇ ਦੀਆਂ ਮਾਸਕ ਸਬੰਧੀ ਛੋਟਾਂ ਦੇ ਵੇਰਵੇ

ਬ੍ਰਿਟਿਸ਼ ਕੋਲੰਬੀਆਂ-ਬ੍ਰਿਟਿਸ਼ ਕੋਲੰਬੀਆ ਵਿਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਫੇਸ *(ਬਾਕੀ ਸਫ਼ਾ 10 'ਤੇ)*




# ਕੈਨੇਡਾ ਵਲੋਂ ਬੀਜਿੰਗ ਓਲੰਪਿਕ ਦਾ ਕੂਟਨੀਤਕ ਬਾਈਕਾਟ ਕਰਨ ਦਾ ਐਲਾਨ

ਓਟਵਾ-ਕੈਨੇਡਾ 2022 ਦੀਆਂ ਬੀਜਿੰਗ ਵਿੰਟਰ ਓਲੰਪਿਕ ਅਤੇ ਪੈਰਾ-ਉਲੰਪਿਕ ਖੇਡਾਂ ਦਾ ਕੂਟਨੀਤਕ ਬਾਈਕਾਟ ਕਰੇਗਾ ਜਿਸ ਦਾ ਮਤਲਬ ਕਿ ਸਰਕਾਰੀ ਅਧਿਕਾਰੀ ਸ਼ਾਮਿਲ ਨਹੀਂ ਹੋਣਗੇ ਪਰ ਐਥਲੀਟ ਮੁਕਾਬਲਾ ਜਾਰੀ ਰੱਖ ਸਕਣਗੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਐਲਾਨ ਵਿਦੇਸ਼ ਮਾਮਲਿਆਂ ਦੇ ਮੰਤਰੀ ਮੇਲੇਨੀ ਜੋਲੀ ਅਤੇ ਖੇਡ ਮੰਤਰੀ ਪਾਸਲੇ-ਸੇਂਟ-ਓਜ ਦੀ ਹਾਜ਼ਰੀ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਟਰੂਡੋ ਨੇ ਕਿਹਾ ਕਿ ਅਸੀਂ ਚੀਨੀ ਸਰਕਾਰ ਵਲੋਂ ਵਾਰ ਵਾਰ ਮਾਨਵੀ ਹੱਕਾਂ ਦੀ ਕੀਤੀ ਜਾ ਰਹੀ ਉਲੰਘਣਾ ਤੋਂ ਡਾਢੇ ਚਿੰਤਤ ਹਾਂ। ਇਸੇ ਕਰਕੇ ਅਸੀਂ ਅੱਜ ਐਲਾਨ ਕਰ ਰਹੇ ਹਾਂ ਕਿ ਇਨ੍ਹਾਂ ਸਰਦੀਆਂ ਵਿਚ ਅਸੀਂ ਬੀਜਿੰਗ ਓਲੰਪਿਕ, ਪੈਰਾਲੰਪਿਕ ਲਈ ਕੂਟਨੀਤਕ ਪ੍ਰਤੀਨਿਧ ਨਹੀਂ ਭੇਜਾਂਗੇ। ਸਾਡੇ ਐਥਲੀਟ ਸਾਲਾਂ ਤੋਂ ਸਿਖਲਾਈ ਲੈ ਰਹੇ ਹਨ ਅਤੇ ਉਹ ਵਿਸ਼ਵ ਭਰ ਤੋਂ ਆਉਣ ਵਾਲੇ ਐਥਲੀਟਾਂ ਵਿਰੁੱਧ ਉੱਚ ਪੱਧਰੀ ਮੁਕਾਬਲਾ ਕਰਨ ਦੀ ਆਸ ਕਰਦੇ ਹਨ। ਉਨ੍ਹਾਂ ਨੂੰ ਸਾਡਾ ਪੂਰਾ ਸਮਰਥਨ ਮਿਲਦਾ ਰਹੇਗਾ। ਅਮਰੀਕਾ ਨੇ ਸ਼ਿਨਜਿਆਂਗ ਸੂਬੇ ਵਿਚ ਉਈਗਰ ਮੁਸਲਮਾਨਾਂ *(ਬਾਕੀ ਸਫ਼ਾ 10 'ਤੇ)*

**ਚੀਨ ਵਲੋਂ ਮਾਨਵੀ ਹੱਕਾਂ ਦੀ ਉਲੰਘਣਾ ਉਪਰ ਚਿੰਤਾ ਦਾ ਪ੍ਰਗਟਾਵਾ**


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086



ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#116-8028 128 St (Little India Plaza), Surrey



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368-2030
604-227-9694
# 102-6321 King George Blvd, Surrey



HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com



ਪ੍ਰਦੇਸੀ Pardesi SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

PUNJAB LINK
ਪੰਜਾਬ ਲਿੰਕ
WEEKLY NEWSPAPER VOL.: 09 ISSUE: 50 SATURDAY, 11 DECEMBER, 2021
www.punjablinkpaper.com 604-503-5465

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਸੰਯੁਕਤ ਕਿਸਾਨ ਮੋਰਚੇ ਵੱਲੋਂ ਅੰਦੋਲਨ ਮੁਲਤਵੀ ਕਰਨ ਦਾ ਐਲਾਨ

## 15 ਜਨਵਰੀ ਦੀ ਮੀਟਿੰਗ ਦੌਰਾਨ ਲਿਆ ਜਾਵੇਗਾ ਫੈਸਲਾ

ਨਵੀਂ ਦਿੱਲੀ (ਦਿਓਲ)-ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਦੇ ਬਾਰਡਰਾਂ 'ਤੇ ਇਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਚੱਲ ਰਹੇ ਆਪਣੇ ਮੋਰਚੇ ਨੂੰ ਚੁੱਕਣ ਦਾ ਰਸਮੀ ਐਲਾਨ ਕਰ ਦਿੱਤਾ ਹੈ। ਮੋਰਚੇ ਵੱਲੋਂ ਦਿੱਲੀ ਦੇ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਸਮੇਤ ਪੰਜਾਬ ਤੋਂ ਬਾਹਰ ਲੱਗੇ ਹੋਰ ਮੋਰਚੇ ਵੀ 11 ਦਸੰਬਰ ਤੋਂ ਖਾਲੀ ਕੀਤੇ ਜਾਣਗੇ। ਦਿੱਲੀ ਦੇ ਮੋਰਚਿਆਂ ਤੋਂ 11 ਦਸੰਬਰ ਨੂੰ ਫ਼ਤਹਿ ਮਾਰਚ ਨਾਲ ਕਿਸਾਨਾਂ ਦੀ ਘਰਾਂ ਨੂੰ ਵਾਪਸੀ ਹੋਵੇਗੀ। ਕਿਸਾਨਾਂ ਦੀਆਂ ਬਕਾਇਆ ਮੰਗਾਂ ਸਵੀਕਾਰ ਕਰਨ ਬਾਰੇ ਕੇਂਦਰ ਸਰਕਾਰ ਦੇ ਖੇਤੀਬਾੜੀ ਸੱਕਤਰ ਸੰਜੈ ਅਗਰਵਾਲ ਦੇ ਦਸਤਖ਼ਤਾਂ ਵਾਲਾ ਪੱਤਰ ਅੱਜ ਮਿਲਣ ਮਗਰੋਂ ਸੰਯੁਕਤ ਕਿਸਾਨ ਮੋਰਚੇ ਨੇ ਇਹ ਐਲਾਨ ਕੀਤਾ ਜਿਨ੍ਹਾਂ 'ਚ ਅੰਦੋਲਨਕਾਰੀਆਂ ਖ਼ਿਲਾਫ਼ ਪੁਲੀਸ ਕੇਸ ਬਿਨਾਂ ਸ਼ਰਤ ਤੋਂ ਵਾਪਸ ਲੈਣ ਦੀ ਮੰਗ ਵੀ ਸ਼ਾਮਲ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਹ 15 ਜਨਵਰੀ ਨੂੰ ਮੁੜ ਮੀਟਿੰਗ ਕਰਕੇ ਇਸ ਗੱਲ ਦਾ ਜਾਇਜ਼ਾ ਲੈਣਗੇ ਕਿ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਹਨ ਜਾਂ ਨਹੀਂ। ਉਨ੍ਹਾਂ ਕਿਹਾ ਕਿ ਇਹ ਅੰਦੋਲਨ ਦੀ ਸਮਾਪਤੀ ਨਹੀਂ ਹੈ ਅਤੇ ਜੇਕਰ ਸਰਕਾਰ ਨੇ ਕੁਝ ਗੜਬੜ ਕੀਤੀ ਤਾਂ ਉਹ ਮੁੜ ਅੰਦੋਲਨ ਕਰਨਗੇ। ਸਰਕਾਰ ਨੇ ਕਿਸਾਨਾਂ ਨੂੰ ਇਹ ਵੀ ਭਰੋਸਾ ਦਿੱਤਾ ਹੈ ਕਿ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਬਾਰੇ ਇਕ ਕਮੇਟੀ ਬਣਾਈ ਜਾਵੇਗੀ ਜਿਸ 'ਚ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਵੀ ਸ਼ਾਮਲ ਹੋਣਗੇ। ਮੋਰਚੇ ਨੇ ਐਲਾਨ ਕੀਤਾ ਕਿ 13 ਦਸੰਬਰ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ 'ਚ ਉਹ ਵਿਸ਼ੇਸ਼ ਤੌਰ 'ਤੇ ਮੱਥਾ ਟੇਕਣ ਲਈ ਜਾਣਗੇ।



ਮੋਰਚੇ ਦੀ ਕੋਰ ਕਮੇਟੀ ਦੇ ਮੈਂਬਰ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ,"ਇਹ ਅੰਦੋਲਨ ਦੀ ਸਮਾਪਤੀ ਨਹੀਂ ਹੈ ਬਲਕਿ ਇਸ ਨੂੰ ਮੁਲਤਵੀ ਕੀਤਾ ਗਿਆ ਹੈ। ਅਸੀਂ 15 ਜਨਵਰੀ ਨੂੰ ਮੁੜ ਬੈਠਕ ਕਰਨ ਦਾ ਫ਼ੈਸਲਾ ਲਿਆ ਹੈ।" ਮੋਰਚੇ ਦੇ ਇਕ ਹੋਰ ਮੈਂਬਰ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ 15 ਜਨਵਰੀ ਨੂੰ ਮੀਟਿੰਗ ਕਰਕੇ ਇਹ ਦੇਖਿਆ ਜਾਵੇਗਾ ਕਿ ਕੀ ਸਰਕਾਰ ਨੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ ਜਾਂ ਨਹੀਂ। 'ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਅਸੀਂ ਅੰਦੋਲਨ ਸ਼ੁਰੂ ਕਰਨ ਦਾ ਮੁੜ ਸੱਦਾ ਦੇ ਸਕਦੇ ਹਾਂ।' ਆਗੂਆਂ ਨੇ ਕਿਹਾ ਕਿ ਕਿਸਾਨ 11 ਦਸੰਬਰ ਨੂੰ ਜੇਤੂ ਮਾਰਚ ਵੀ ਕੱਢਣਗੇ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਦਿੱਲੀ ਦੇ ਬਾਰਡਰਾਂ ਤੋਂ ਮੋਰਚੇ ਚੁੱਕਣ 'ਚ ਅਜੇ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਕਾਇਮ ਰਹੇਗਾ। ਕਿਸਾਨਾਂ ਦੀ ਇਤਿਹਾਸਕ ਜਿੱਤ ਕਰਾਰ ਦਿੰਦਿਆਂ ਸ਼ਿਵ ਕੁਮਾਰ ਕੱਕਾ ਨੇ ਅੰਦੋਲਨ ਦੌਰਾਨ ਸਥਾਨਕ ਲੋਕਾਂ ਅਤੇ ਕਾਰੋਬਾਰੀਆਂ ਨੂੰ ਆਈਆਂ ਮੁਸ਼ਕਲਾਂ ਲਈ ਮੋਰਚੇ ਵੱਲੋਂ ਮੁਆਫ਼ੀ ਮੰਗੀ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| --- | --- | --- | --- |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ


NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
www.ghainotary.ca
#151-12899 80th Ave, Surrey
Email: aanchal@ghainotary.ca

# ਵੈਨਕੂਵਰ ਸਟੋਰਾਂ 'ਚੋਂ ਚੋਰੀ ਕਰਦੇ 195 ਲੋਕਾਂ ਤੋਂ 75,000 ਡਾਲਰ ਦਾ ਸਾਮਾਨ ਅਤੇ 35 ਹਥਿਆਰ ਬਰਾਮਦ

ਸਰੀ, (ਹਰਦਮ ਮਾਨ)-ਵੈਨਕੂਵਰ ਪੁਲਿਸ ਨੇ ਡਾਊਨਟਾਊਨ ਦੇ ਦੁਕਾਨਦਾਰਾਂ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਨੂੰ ਮੁੱਖ ਰੱਖਦਿਆਂ ਲਗਾਤਾਰ ਇਕ ਮਹੀਨਾ ਚਲਾਈ ਮੁਹਿੰਮ ਦੌਰਾਨ ਕਥਿਤ ਤੌਰ ਤੇ 195 ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ 75,000 ਡਾਲਰ ਦਾ ਕੀਮਤੀ ਸਾਮਾਨ ਤੇ 35 ਹਥਿਆਰ ਬਰਾਮਦ ਕੀਤੇ ਹਨ। ਮੁਹਿੰਮ ਦੌਰਾਨ 323 ਘਟਨਾਵਾਂ ਦੀ ਜਾਂਚ ਕੀਤੀ ਗਈ ਜਿਨ੍ਹਾਂ ਵਿੱਚੋਂ 23 ਘਟਨਾਵਾਂ ਵਿੱਚ ਅਜਿਹੇ ਚੋਰਾਂ ਵੱਲੋਂ ਹਥਿਆਰ ਵੀ ਵਰਤੇ ਗਏ ਸਨ। ਵੈਨਕੂਵਰ ਪੁਲਿਸ ਦੇ ਸਾਰਜੈਂਟ ਸਟੀਵ ਐਡੀਸਨ ਨੇ ਦੱਸਿਆ ਹੈ ਕਿ ਅਜਿਹੀਆਂ ਚੋਰੀਆਂ ਸਬੰਧੀ ਕਾਰੋਬਾਰੀ ਮਾਲਕਾਂ ਅਤੇ ਉਹਨਾਂ ਦੇ ਸਟਾਫ਼ ਦੀਆਂ ਸ਼ਿਕਾਇਤਾਂ ਸਨ ਕਿ ਉਨ੍ਹਾਂ ਨੂੰ ਅਕਸਰ ਹਿੰਸਕ ਚੋਰਾਂ ਨਾਲ ਜੂਝਣਾ ਪੈ ਰਿਹਾ ਹੈ। ਵੈਨਕੂਵਰ ਪੁਲਿਸ ਨੇ ਆਪਣੇ ਕੁਝ ਅਫਸਰਾਂ ਨੂੰ ਅਜਿਹੇ ਚੋਰ ਬਿਰਤੀ ਵਾਲੇ ਅਨਸਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਲਈ ਡਾਊਨਟਾਊਨ ਕੋਰ ਵਿੱਚ ਪ੍ਰਚੂਨ ਸਟਾਫ ਨਾਲ ਮਿਲ ਕੇ ਸਿੱਧੇ ਤੌਰ ਤੇ ਕਾਰਜ ਕਰਨ ਦੀ ਜ਼ਿੰਮੇਵਾਰੀ ਸੌਂਪੀ। ਜਿਸ ਦੇ ਨਤੀਜੇ ਜਾਰੀ ਕਰਦਿਆਂ ਪੁਲਿਸ ਨੇ ਚਿੰਤਾ ਅਤੇ ਪ੍ਰੇਸ਼ਾਨੀ ਵੀ ਜ਼ਾਹਰ ਕੀਤੀ ਹੈ ਕਿ ਇਨ੍ਹਾਂ ਕਥਿਤ ਚੋਰਾਂ ਵਿੱਚੋਂ ਬਹੁਤ ਸਾਰੇ ਜਟਿਲ ਸਮਾਜਿਕ ਲੋੜਾਂ ਜਿਵੇਂ ਕਿ ਨਸ਼ਾਖੋਰੀ, ਗਰੀਬੀ ਅਤੇ ਮਾਨਸਿਕ ਬੀਮਾਰੀਆਂ ਨਾਲ ਜੂਝ ਰਹੇ ਹਨ ਅਤੇ ਛੋਟੇ ਛੋਟੇ ਅਪਰਾਧਾਂ ਲਈ ਉਨ੍ਹਾਂ ਨੂੰ ਵਾਰ-ਵਾਰ ਗ੍ਰਿਫਤਾਰ ਕੀਤੇ ਜਾਂਦਾ ਹੈ। ਪੁਲਿਸ ਅਨੁਸਾਰ ਮਹੀਨਾ ਭਰ ਚੱਲੀ ਮੁਹਿੰਮ ਦੌਰਾਨ ਗ੍ਰਿਫਤਾਰ ਕੀਤੇ ਗਏ 60 ਪ੍ਰਤੀਸ਼ਤ ਲੋਕਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਕੋਲ ਸੌਣ ਲਈ ਪੱਕਾ ਠਿਕਾਣਾ ਨਹੀਂ ਹੈ ਅਤੇ ਕਈਆਂ ਨੇ ਦੱਸਿਆ ਕਿ ਉਹ ਚੋਰੀ ਕੀਤੇ ਸਮਾਨ ਨੂੰ ਆਨਲਾਈਨ ਜਾਂ ਡਾਊਨਟਾਊਨ ਈਸਟਸਾਈਡ ਵਿੱਚ ਵੇਚਣਾ ਚਾਹੁੰਦੇ ਸਨ।


BUSY BOYS ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation



C: 604.837.3101
O: 778.590.5906

#111-8132 130th St., Surrey BC
busyboyslectrical@gmail.com
www.busyboyselectrical.com

ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਫੋਨ ਕਰੋ


## ਐਬਟਸਫੋਰਡ ਵਿਚ 400 ਪ੍ਰਾਪਰਟੀਆਂ ਲਈ ਅਵੈਕਿਊਏਸ਼ਨ ਹੁਕਮ ਹਟਾਇਆ

ਸਰੀ-ਐਬਟਸਫੋਰਡ, ਬੀਸੀ ਦੇ ਸੁਮਾਸ ਪ੍ਰੇਰੀ ਇਲਾਕੇ ਦੇ ਸੈਂਕੜੇ ਹੋਰ ਲੋਕਾਂ ਜਿਨ੍ਹਾਂ ਨੂੰ ਹੜ੍ਹਾਂ ਕਾਰਨ ਉਥੋਂ ਹਟਾਇਆ ਗਿਆ ਸੀ ਨੂੰ ਘਰ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ ਜਦਕਿ ਸ਼ਹਿਰ ਵਿਚ ਪਿਛਲੇ ਮਹੀਨੇ ਭਿਆਨਕ ਹੜ੍ਹਾਂ ਨਾਲ ਜਮ੍ਹਾਂ ਹੋਏ ਮਲਬੇ ਦੀ ਸਫਾਈ ਲਗਾਤਾਰ ਜਾਰੀ ਹੈ। ਮੇਅਰ ਹੈਨਰੀ ਬਰੌਨ ਨੇ ਐਲਾਨ ਕੀਤਾ ਕਿ ਦੱਖਣੀ ਸੁਮਾਸ ਪ੍ਰੇਰੀ ਵਿਚ ਘਰਾਂ, ਬਾਰਨਸ ਅਤੇ ਗੈਰੇਜਸ ਨੂੰ ਨੁਕਸਾਨ ਦਾ ਮੁਲਾਂਕਣ ਤੇਜ਼ੀ ਨਾਲ ਮੁਕੰਮਲ ਕਰ ਲਿਆ ਹੈ ਜਿਸ ਕਾਰਨ ਅਧਿਕਾਰੀ 400 ਪ੍ਰਾਪਰਟੀਜ਼ ਲਈ ਅਵੈਕੂਏਸ਼ਨ ਹੁਕਮ ਚੁੱਕ ਸਕੇ ਹਨ। ਬਰੌਨ ਨੇ ਦੱਸਿਆ ਕਿ ਆਪਣੇ ਵਸਨੀਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਾਡੀ ਤਰਜੀਹ ਹੈ। ਅਜੇ ਵੀ ਲਗਪਗ 200 ਘਰ ਅਵੈਕੂਏਸ਼ਨ ਹੁਕਮ ਹੇਠ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸੁਮਾਸ ਪ੍ਰੇਰੀ ਦਾ ਲੇਕ ਬੌਟਮ ਇਲਾਕਾ ਹੀ ਬਚਿਆ ਹੈ ਜਿਥੇ ਅਜੇ ਹੜ੍ਹ ਦਾ ਪਾਣੀ ਮੌਜੂਦ ਹੈ ਅਤੇ ਉਸ ਇਲਾਕੇ ਵਿਚ ਰਹਿੰਦੇ ਲੋਕ ਵੀ ਆਉਣ ਵਾਲੇ ਦਿਨਾਂ ਵਿਚ ਘਰਾਂ ਨੂੰ ਵਾਪਸ ਜਾ ਸਕਣਗੇ। ਪਿਛਲੇ ਦੋ ਦਿਨਾਂ ਵਿਚ ਲੇਕ ਬੌਟਮ ਵਿਚ ਪਾਣੀ ਦਾ ਪੱਧਰ ਲਗਪਗ 50 ਸੈਂਟੀਮੀਟਰ ਘਟਿਆ ਹੈ।

## ਹਿਜਾਬ ਪਹਿਨਣ ਕਾਰਨ ਟੀਚਰ ਨੂੰ ਕਲਾਸ ਰੂਮ ਵਿਚ ਜਾਣ ਤੋਂ ਰੋਕਿਆ




ਮਾਂਟਰੀਅਲ-ਚੇਲਸੀਆ ਕਿਊਬਕ ਵਿਚ ਇਕ ਐਲਮੈਂਟਰੀ ਸਕੂਲ ਦੀ ਇਕ ਅਧਿਆਪਕਾ ਨੂੰ ਹਿਜਾਬ ਪਹਿਨਣ ਕਾਰਨ ਕਲਾਸਰੂਮ ਤੋਂ ਕੱਢ ਦਿੱਤਾ ਹੈ। ਮਾਪਿਆਂ ਤੇ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਹੈਰਾਨੀ ਹੈ ਕਿ ਟੀਚਰ ਨੂੰ ਹਿਜਾਬ ਪਹਿਨਣ ਕਾਰਨ ਕਲਾਸਰੂਮ ਤੋਂ ਹਟਾ ਦਿੱਤਾ ਹੈ। ਵੈਸਟਰਨ ਕਿਊਬਕ ਸਕੂਲ ਬੋਰਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਿਊਬਕ ਦੇ ਬਿੱਲ 21 ਜਿਹੜਾ ਕੁਝ ਸਰਕਾਰੀ ਮੁਲਾਜ਼ਮਾਂ ਦੇ ਕੰਮ ਸਮੇਂ ਧਾਰਮਿਕ ਚਿੰਨ ਪਹਿਨਣ 'ਤੇ ਪਾਬੰਦੀ ਲਗਾਉਂਦਾ ਹੈ ਕਾਰਨ ਚੇਲਸੀਆ ਐਲੀਮੈਂਟਰੀ ਸਕੂਲ ਵਿਖੇ ਤੀਸਰੀ ਕਲਾਸ ਦੀ ਟੀਚਰ ਨੂੰ ਹਟਾ ਦਿੱਤਾ ਹੈ। ਸਕੂਲ ਵਿਖੇ ਤੀਸਰੀ ਕਲਾਸ ਵਿਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨੂੰ 3 ਦਸੰਬਰ ਨੂੰ ਇਕ ਈਮੇਲ ਭੇਜ ਕੇ ਦੱਸਿਆ ਕਿ ਹੁਣ ਅਧਿਆਪਕ ਕਲਾਸਰੂਮ ਵਿਚ ਨਹੀਂ ਹੋਵੇਗਾ। ਕੁਝ ਮਾਪਿਆਂ ਨੂੰ ਬਾਅਦ ਵਿਚ ਪਤਾ ਲੱਗਾ ਕਿ ਬਿੱਲ 21 ਕਾਰਨ ਟੀਚਰ ਨੂੰ ਹਟਾਇਆ ਗਿਆ ਹੈ।

## ਅਗਲੀ ਮਹਾਂਮਾਰੀ ਲਈ ਵਿਸ਼ਵ ਤਿਆਰ ਨਹੀਂ-ਅਧਿਐਨ ਰਿਪੋਰਟ

ਓਟਵਾ-ਖੋਜੀਆਂ ਨੇ ਦੱਸਿਆ ਕਿ ਅਗਲੀ ਮਹਾਂਮਾਰੀ ਲਈ ਸਮੁੱਚਾ ਵਿਸ਼ਵ ਤਿਆਰ ਨਹੀਂ ਅਤੇ ਬਹੁਤੇ ਦੇਸ਼ ਤਾਂ ਥੋੜੀ ਬਿਮਾਰੀ ਫੈਲਣ ਦਾ ਮੁਕਾਬਲਾ ਕਰਨ ਲਈ ਵੀ ਤਿਆਰ ਨਹੀਂ। ਬਲੂਮਬਰਗ ਸਕੂਲ ਆਫ ਪਬਲਿਕ ਹੈਲਥ ਵਿਖੇ ਨਿਊਕੀਲਅਰ ਥਰੈਟ ਇਨੀਸ਼ੇਟਿਵ ਐਂਡ ਜੌਹਨ ਹੌਪਕਿਨਸ ਸੈਂਟਰ ਫਾਰ ਹੈਲਥ ਸਕਿਊਰਟੀ ਵਲੋਂ ਇਕੱਤਰ ਕੀਤੀਆਂ ਵੱਖ ਵੱਖ ਹੈਲਥ ਐਮਰਜੈਂਸੀਜ਼ ਅਤੇ ਸਮੱਸਿਆਵਾਂ ਦੇ ਮਾਪ ਗਲੋਬਲ ਹੈਲਥ ਸਕਿਉਰਟੀ ਇੰਡੈਕਸ ਵਿਚ ਇਕ ਵੀ ਦੇਸ਼ ਦਾ ਸਕੋਰ ਠੀਕ ਨਹੀਂ। 2021 ਜੀਐਚਐਸ ਇੰਡੈਕਸ ਲਗਾਤਾਰ ਇਹ ਦਿਖਾਉਂਦਾ ਹੈ ਕਿ ਸਾਰੇ ਦੇਸ਼ਾਂ ਵਿਚ ਅਜੇ ਵੀ ਅਹਿਮ ਸਮਰੱਥਾਵਾਂ ਦੀ ਘਾਟ ਹੈ ਜਿਹੜੀ ਉਨ੍ਹਾਂ ਦੀ ਕੋਵਿਡ-19 ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦੇਣ ਦੀ ਸਮਰਥਾ ਵਿਚ ਰੁਕਾਵਟ ਪਾਉਂਦੀ ਹੈ ਅਤੇ ਭਵਿੱਖ ਦੀ ਮਹਾਂਮਾਰੀ ਤੇ ਮਹਾਂਮਾਰੀ ਖ਼ਤਰਿਆਂ ਲਈ ਉਨ੍ਹਾਂ ਦੀ ਤਿਆਰੀ ਨੂੰ ਘਟਾਉਂਦੀ ਹੈ। 2021 ਵਿਚ ਆਮ ਦੇਸ਼ਾਂ ਦਾ ਸਕੋਰ 100 ਵਿਚੋਂ 38.9 ਰਿਹਾ ਜਿਸ ਵਿਚ 2019 ਤੋਂ ਜ਼ਰੂਰੀ ਤੌਰ 'ਤੇ ਕੋਈ ਤਬਦੀਲੀ ਨਹੀਂ ਆਈ। ਸਭ ਤੋਂ ਉੱਚਾ ਸਕੋਰ ਅਮਰੀਕਾ ਦਾ 76 ਤੋਂ ਥੋੜਾ ਘੱਟ ਸੀ।


MORTGAGE

If you are paying more than


1.30%*

(5 Years VIRM 30 Years Ammortization)

Call us NOW to Lower your Rate!



Raj Gill has "NO STRESS MORTGAGE"



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca



JJB INSURANCE

Sarban Singh Sidhu
604-507-6866
#1, 13791, 72 AVE, SURREY (NEAR FRUITICANA)

BBB ACCREDITED BUSINESS
An Independent Insurance Broker

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE
UP TO 65% DISCOUNT AVAILABLE

*RATES SUBJECT TO CHANGE WITHOUT ANY NOTICE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for
Super Visa Insurance
Money Back upon Visa Declined

- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available

# ਆਮ ਆਦਮੀ ਪਾਰਟੀ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਅਕਾਲੀ ਦਲ ਵਿਚ ਸ਼ਾਮਿਲ

## ਸੁਖਬੀਰ ਵੱਲੋਂ ਛੋਟੇਪੁਰ ਨੂੰ ਸੀਨੀ ਮੀਤ ਪ੍ਰਧਾਨ ਬਣਾਉਣ ਤੇ ਪਾਰਟੀ ਟਿਕਟ ਦਾ ਐਲਾਨ




ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਪੁਰਾਣੇ ਟਕਸਾਲੀ ਅਕਾਲੀ ਆਗੂ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਕਨਵੀਨਰ ਰਹੇ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਛੋਟੇਪੁਰ ਨੇ ਇਸ ਮੌਕੇ ਸਾਰੀਆਂ ਪੰਜਾਬੀ ਤੇ ਪੰਥਕ ਤਾਕਤਾਂ ਨੂੰ ਅਕਾਲੀ ਦਲ ਦੇ ਝੰਡੇ ਥੱਲੇ ਇਕੱਠੇ ਹੋ ਕੇ ਲੜਨ ਅਤੇ ਬਾਹਰਲਿਆਂ ਦੇ ਤਿੰਨ ਪੜਾਵੀ ਹਮਲੇ ਨੂੰ ਮਾਤ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਅਤੇ ਪੰਜਾਬੀਆਂ ਨੂੰ ਕਾਂਗਰਸ, ਭਾਜਪਾ ਤੇ 'ਆਪ' ਅਤੇ ਹੋਰ ਬਾਹਰਲੀਆਂ ਪਾਰਟੀਆਂ ਦੀ ਲੁੱਟ ਤੋਂ ਬਚਾਅ ਸਕਦਾ ਹੈ। ਛੋਟੇਪੁਰ ਨੇ 1986 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਪੁਲੀਸ ਭੇਜਣ ਦੇ ਰੋਸ ਵਜੋਂ ਬਰਨਾਲਾ ਵਜ਼ਾਰਤ 'ਚੋਂ ਅਸਤੀਫਾ ਦਿੱਤਾ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਛੋਟੇਪੁਰ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ। ਪ੍ਰਧਾਨ ਨੇ ਉਨ੍ਹਾਂ ਨੂੰ ਬਟਾਲਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਣਾਉਣ ਦਾ ਵੀ ਐਲਾਨ ਕੀਤਾ। ਸੁਖਬੀਰ ਸਿੰਘ ਬਾਦਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜਥੇਦਾਰ ਛੋਟੇਪੁਰ ਦੀ ਅਕਾਲੀ ਦਲ ਵਿਚ ਵਾਪਸੀ ਨਾਲ ਪੰਥਕ ਤਾਕਤਾਂ ਅਤੇ ਪੰਜਾਬ ਵਿਚ ਸ਼ਾਂਤੀ ਤੇ ਫਿਰਕੂ ਸਦਭਾਵਨਾ ਦੀ ਭਾਵਨਾ ਮਜ਼ਬੂਤ ਹੋਈ ਹੈ। ਉਨ੍ਹਾਂ ਕਿਹਾ ਕਿ ਸੁੱਚਾ ਸਿੰਘ ਛੋਟੇਪੁਰ ਪੰਜਾਬੀਆਂ ਦੇ ਸਵੈ-ਮਾਣ ਦੇ ਮੁਦੱਈ ਰਹੇ ਹਨ ਤੇ ਉਨ੍ਹਾਂ ਸੂਬੇ ਦੇ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੀਆਂ ਬਾਹਰਲਿਆਂ ਦੀਆਂ ਸਾਜ਼ਿਸ਼ਾਂ ਨੂੰ ਹਮੇਸ਼ਾ ਬੇਨਕਾਬ ਕੀਤਾ ਹੈ। ਇਸ ਮੌਕੇ ਅਕਾਲੀ ਦਲ ਦੇ ਉੱਘੇ ਆਗੂ ਜਥੇਦਾਰ ਮੋਹਣ ਸਿੰਘ ਤੁੜ ਦਾ ਪੋਤਰਾ ਅਮਰਿੰਦਰ ਸਿੰਘ ਤੁੜ ਵੀ ਜਥੇਦਾਰ ਛੋਟੇਪੁਰ ਨਾਲ ਪਾਰਟੀ ਵਿਚ ਸ਼ਾਮਲ ਹੋਇਆ। ਜਥੇਦਾਰ ਛੋਟੇਪੁਰ ਨੇ ਕਿਹਾ ਕਿ ਕਾਂਗਰਸ, ਭਾਜਪਾ ਅਤੇ 'ਆਪ' ਤਿੰਨਾਂ ਗੈਰ-ਪੰਜਾਬੀ ਧਾੜਵੀਆਂ ਦੇ ਹਮਲੇ ਕਾਰਨ ਪੰਜਾਬ ਦੀ ਵਿਲੱਖਣ ਸਭਿਆਚਾਰਕ ਏਕਤਾ ਦੇ ਨਾਲ ਨਾਲ ਸ਼ਾਂਤੀ, ਤਰੱਕੀ ਤੇ ਖੁਸ਼ਹਾਲੀ ਲਈ ਖ਼ਤਰਾ ਪੈਦਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਤਿੰਨੋਂ ਹਿੰਦੂਆਂ-ਸਿੱਖਾਂ ਵਿਚਾਲੇ ਮੱਤਭੇਦ ਪੈਦਾ ਕਰਕੇ, ਵੰਡੀਆਂ ਪਾ ਕੇ ਨਫਰਤ ਫੈਲਾ ਕੇ ਤੇ ਭੁਲੇਖਾ ਪੈਦਾ ਕਰ ਕੇ ਅਤੇ ਸਿੱਖ ਕੌਮ ਵਿਚ ਹੀ ਖਾਨਾਜੰਗੀ ਕਰਵਾ ਕੇ ਪੰਜਾਬ ਦੀ ਕਿਸਮਤ ਖੋਹਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਹਿੰਦੂ-ਸਿੱਖ ਸਦਭਾਵਨਾ ਤੇ ਪੰਥਕ ਏਕਤਾ ਪਵਿੱਤਰ ਸਿਧਾਂਤ ਹਨ ਅਤੇ ਇਸ ਵੇਲੇ ਪੰਜਾਬੀ ਬੱਚਿਆਂ ਤੇ ਨੌਜਵਾਨਾਂ ਦੇ ਖੁਸ਼ਹਾਲ ਭਵਿੱਖ ਲਈ ਸਭ ਤੋਂ ਪਹਿਲਾਂ ਤੇ ਸਭ ਤੋਂ ਜ਼ਰੂਰੀ ਹਨ। ਜਥੇਦਾਰ ਛੋਟੇਪੁਰ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਹਮਲਾ ਬੋਲਿਆ ਅਤੇ ਕਿਹਾ ਕਿ ਉਹ ਖੁਦ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਖੁਦ ਭਗਵੰਤ ਮਾਨ ਅਤੇ ਹਰਪਾਲ ਚੀਮਾ ਨਾਲ ਸਟੇਜਾਂ 'ਤੇ ਬੈਠ ਕੇ ਬੋਲਦੇ ਹਨ ਕਿ ਪਾਰਟੀ ਇਕ ਯੋਗ ਆਗੂ ਦੀ ਤਲਾਸ਼ ਕਰ ਰਹੀ ਹੈ। ਇਕ ਸਵਾਲ ਦੇ ਜਵਾਬ ਵਿਚ ਸੀਨੀਅਰ ਆਗੂ ਨੇ ਕਿਹਾ ਕਿ ਐੱਨਆਰਆਈਜ਼ ਤੋਂ ਇਕੱਠਾ ਕੀਤਾ ਪੈਸਾ ਦਿੱਲੀ ਦੇ ਖਾਤਿਆਂ ਵਿਚ ਜਮ੍ਹਾਂ ਕੀਤਾ ਗਿਆ ਸੀ ਤੇ ਇਸ ਗੱਲ ਦੀ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਫੰਡ ਦਾ ਘੁਟਾਲਾ ਕਿਵੇਂ ਹੋਇਆ। ਜਥੇਦਾਰ ਛੋਟੇਪੁਰ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਪੰਜਾਬ ਤੇ ਪੰਜਾਬੀਆਂ ਨੂੰ ਦਿਲੋਂ ਨਫਰਤ ਕਰਦਾ ਹੈ ਅਤੇ 'ਆਪ' ਵਿਚ ਹਰ ਉਸ ਪੰਜਾਬੀ ਆਗੂ ਨੂੰ ਅਪਮਾਨਿਤ ਤੇ ਜ਼ਲੀਲ ਕਰਦਾ ਹੈ ਜੋ ਸੂਬੇ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਤੇ ਪੰਜਾਬੀਆਂ ਨੂੰ ਆਪਣੀ ਨਿੱਜੀ ਲਾਲਸਾ ਦੀ ਪੂਰਤੀ ਵਾਸਤੇ ਗਲਤ ਢੰਗ ਨਾਲ ਵਰਤਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਕੇਜਰੀਵਾਲ ਨੂੰ ਪੰਜਾਬੀਆਂ ਦੇ ਸਵੈ-ਮਾਣ 'ਤੇ ਹਮਲਾ ਨਾ ਕਰਨ ਵਾਸਤੇ ਆਖਦਾ ਹੈ ਤਾਂ ਉਸ ਨੂੰ ਬਾਹਰ ਦਾ ਰਾਹ ਹੀ ਨਹੀਂ ਵਿਖਾਇਆ ਜਾਂਦਾ ਬਲਕਿ ਉਸ ਨੂੰ ਸ਼ਰੇਆਮ ਬਹੁਤ ਜ਼ਿਆਦਾ ਜ਼ਲੀਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਐੱਚ ਐੱਸ ਫੂਲਕਾ, ਧਰਮਵੀਰ ਗਾਂਧੀ, ਕੰਵਰ ਸੰਧੂ, ਸੁਖਪਾਲ ਖਹਿਰਾ ਅਤੇ ਭਗਵੰਤ ਮਾਨ ਵਰਗੇ ਆਗੂਆਂ ਨੂੰ ਬਹੁਤ ਅਪਮਾਨਿਤ ਕੀਤਾ ਜਾਂਦਾ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)



Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ


## ਖੇਤੀ ਕਨੂੰਨ ਰੱਦ ਕਰਨ ਉਪਰੰਤ

# ਸਿਆਸੀ ਖਿਡਾਰੀਆਂ ਦੀ ਖੇਡ ਰਫਤਾਰ ਵਿਚ ਤੇਜ਼ੀ...

**ਸੁਖਵਿੰਦਰ ਸਿੰਘ ਚੋਹਲਾ**

ਪ੍ਰਧਾਨ ਮੰਤਰੀ ਮੋਦੀ ਵਲੋ ਇਕਤਰਫਾ ਤਿੰਨ ਖੇਤੀ ਕਨੂੰਨ ਵਾਪਿਸ ਲੈਣ ਦੇ ਐਲਾਨ ਉਪਰੰਤ ਸੰਸਦ ਵਲੋ ਬਿਨਾਂ ਕਿਸੇ ਬਹਿਸ ਤੋ ਖੇਤੀ ਕਨੂੰਨ ਰੱਦ ਕਰਨ ਤੇ ਰਾਸ਼ਟਰਪਤੀ ਵਲੋ ਤੁਰੰਤ ਪ੍ਰਵਾਨਗੀ ਦੇਣ ਦੇ ਨਾਲ ਕਿਸਾਨ ਅੰਦੋਲਨ ਦੀ ਪਹਿਲੀ ਜਿੱਤ ਦੇ ਝੰਡੇ ਝੂਲ ਗਏ। ਕਿਸਾਨ ਮੋਰਚੇ ਵਲੋ ਮੋਦੀ ਸਰਕਾਰ ਦੁਆਰਾ ਉਹਨਾਂ ਨਾਲ ਬਿਨਾਂ ਕਿਸੇ ਗੱਲਬਾਤ ਦੀ ਮੇਜ਼ ਉਪਰ ਆਏ ਖੇਤੀ ਕਨੂੰਨ ਰੱਦ ਕਰਨ ਦਾ ਸਵਾਗਤ ਤਾਂ ਕੀਤਾ ਹੈ ਪਰ ਨਾਲ ਹੀ ਉਹਨਾਂ ਐਮ ਐਸ ਪੀ ਗਾਰੰਟੀ ਕਨੂੰਨ ਅਤੇ ਹੋਰ ਮੰਗਾਂ ਦੇ ਮੰਨੇ ਜਾਣ ਦਾ ਤੱਕ ਅੰਦੋਲਨ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਮੋਦੀ ਸਰਕਾਰ ਨੇ ਐਮ ਐਸ ਪੀ ਗਾਰੰਟੀ ਅਤੇ ਹੋਰ ਮੰਗਾਂ ਸਬੰਧੀ ਗੱਲਬਾਤ ਲਈ ਕਿਸਾਨਾਂ ਤੋ ਛੋਟੀ ਕਮੇਟੀ ਬਣਾਉਣ ਲਈ ਨਾਵਾਂ ਦੀ ਮੰਗ ਕੀਤੀ ਹੈ। ਖੇਤੀ ਕਨੂੰਨਾਂ ਨੂੰ ਇਕਤਰਫਾ ਰੱਦ ਕਰਨ ਦੇ ਐਲਾਨ ਵਾਂਗ ਸਰਕਾਰ ਐਮ ਐਸ ਪੀ ਉਪਰ ਕਮੇਟ ਗਠਿਤ ਕਰਕੇ ਜਿਵੇ ਕਿਵੇ ਕਿਸਾਨਾਂ ਨੂੰ ਰਾਜਧਾਨੀ ਦੀਆਂ ਹੱਦਾਂ ਤੋ ਉਠਾਉਣ ਲਈ ਕਾਹਲੀ ਹੈ। ਉਸਦੀ ਇਹ ਕਾਹਲੀ ਸਮਝ ਵਿਚ ਵੀ ਆਉਂਦੀ ਹੈ। ਯੂ ਪੀ, ਪੰਜਾਬ ਸਮੇਤ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਚੜੇ ਸਾਲ ਆਉਣ ਕਰਕੇ, ਸਰਕਾਰ ਵੋਟਰਾਂ ਦਾ ਧਿਆਨ ਕਿਸਾਨ ਅੰਦੋਲਨ ਤੋ ਹਟਾਉਣਾ ਲੋੜਦੀ ਹੈ। ਇਸ ਲਈ ਭਾਜਪਾ ਨੇ ਪੱਛਮੀ ਯੂਪੀ ਵਿਚ ਆਪਣੀ ਮੁਹਿੰਮ ਦਾ ਆਗਾਜ਼ ਵੀ ਕਰ ਦਿੱਤਾ ਹੈ। ਪੰਜਾਬ ਵਿਚ ਵੀ ਉਸ ਵਲੋ ਸਿੱਖ ਆਗੂਆਂ ਨੂੰ ਆਪਣੇ ਖੇਮੇ ਵਿਚ ਲਿਆਕੇ ਨਵੀ ਸ਼ੁਰੂਆਤ ਕਰਨ ਦੀਆਂ ਕੋਸ਼ਿਸ਼ਾਂ ਹਨ। ਦਿੱਲੀ ਦੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੂੰ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋ ਅਸਤੀਫਾ ਦਿਵਾਕੇ ਭਾਜਪਾ ਵਿਚ ਸ਼ਾਮਿਲ ਕੀਤੇ ਜਾਣ ਨੂੰ ਇਸੇ ਦਿਸ਼ਾ ਵਿਚ ਵੇਖਿਆ ਜਾ ਰਿਹਾ ਹੈ। ਸਾਬਕਾ ਡੀ ਜੀ ਪੀ ਵਿਰਕ ਤੇ ਸਾਬਕਾ ਅਕਾਲੀ ਵਿਧਾਇਕ ਸਰਬਜੀਤ ਸਿੰਘ ਮੱਕੜ ਨੂੰ ਭਾਜਪਾ ਵਿਚ ਸ਼ਾਮਿਲ ਕੀਤਾ ਗਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਵੀ ਭਾਜਪਾ ਦੇ ਗਠਜੋੜ ਬਾਰੇ ਸੰਕੇਤ ਦਿੱਤੇ ਹਨ। ਕਿਸਾਨ ਅੰਦੋਲਨ ਕਾਰਣ ਪੰਜਾਬ, ਹਰਿਆਣਾ ਤੇ ਪੱਛਮੀ ਯੂ ਪੀ ਵਿਚ ਭਾਜਪਾ ਨੂੰ ਜੋ ਨੁਕਸਾਨ ਪੁੱਜਾ ਹੈ, ਪਾਰਟੀ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕਈ ਤਿਕੜਮਬਾਜ਼ੀਆਂ ਵਿਚ ਮਸਰੂਫ ਹੈ। ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਭਾਵੇਕਿ ਕਿਸਾਨ ਅੰਦੋਲਨ ਦੀ ਭੂਮਿਕਾ ਨੂੰ ਮਹੱਤਵਪੂਰਣ ਸਮਝਿਆ ਜਾਂਦਾ ਹੈ ਤੇ ਕਿਸਾਨ ਆਗੂ ਲੋਕਾਂ ਨੂੰ ਭਾਜਪਾ ਦਾ ਵਿਰੋਧ ਜਾਰੀ ਰੱਖਣ ਦੀਆਂ ਅਪੀਲਾਂ ਵੀ ਕਰਦੇ ਨਜ਼ਰ ਆ ਰਹੇ ਹਨ, ਪਰ ਲੱਗਦਾ ਹੈ ਕਿ ਭਾਜਪਾ ਲੀਡਰਸ਼ਿਪ ਨੇ ਅਜਿਹੇ ਹਾਲਾਤ ਨਾਲ ਨਿਪਟਣ ਦੀ ਤਿਆਰੀ ਵੀ ਵਿੱਢ ਲਈ ਹੈ। ਭਾਜਪਾ ਲੀਡਰਸ਼ਿਪ ਖੇਤੀ ਕਨੂੰਨਾਂ ਨੂੰ ਰੱਦ ਕੀਤੇ ਜਾਣ ਨੂੰ ਪ੍ਰਧਾਨ ਮੰਤਰੀ ਦੀ ਫਿਰਾਖਦਿਲੀ ਵਜੋ ਪ੍ਰਚਾਰਦਿਆਂ, ਐਮ ਐਸ ਪੀ ਤੇ ਹੋਰ ਮੰਗਾਂ ਦੇ ਮੁੱਦੇ ਉਪਰ ਕਿਸਾਨ ਮੋਰਚੇ ਦੀ ਅੜੀ ਨੂੰ ਭੰਡੀ ਪ੍ਰਚਾਰ ਵਜੋ ਵਰਤ ਸਕਦੀ ਹੈ। ਐਮ ਐਸ ਪੀ ਗਾਰੰਟੀ ਕਨੂੰਨ ਉਪਰ ਕਮੇਟੀ ਗਠਨ ਦੀ ਕਾਰਵਾਈ ਨੂੰ ਬੈਠਕਾਂ ਵਿਚ ਉਲਝਾਕੇ ਚੋਣਾਂ ਤੱਕ ਦਾ ਸਮਾਂ ਕੱਢਣ ਦੀ ਵਿਉਂਤ ਵੀ ਗੁੰਦੀ ਜਾ ਸਕਦੀ ਹੈ। ਕਿਸਾਨ ਮੋਰਚਾ ਦੀ ਤਾਜ਼ਾ ਮੀਟਿੰਗ ਦੌਰਾਨ ਸਰਕਾਰ ਦੇ ਮਨਸੂਬਿਆਂ ਨੂੰ ਭਾਂਪਦਿਆਂ ਹੀ ਅੰਦੋਲਨ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ।

ਉਧਰ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਯੂ ਪੀ ਤੇ ਪੰਜਾਬ ਦੀਆਂ ਭਾਜਪਾ ਵਿਰੋਧੀ ਪਾਰਟੀਆਂ ਨੇ ਆਪਣੀ ਦੌੜ ਦੀ ਰਫਤਾਰ ਵਧਾ ਦਿੱਤੀ ਹੈ। ਪੰਜਾਬ ਵਿਚ



ਇਸ ਦੌੜ ਦੇ ਨਿਵੇਕਲੇ ਰੰਗ ਵੇਖਣ ਨੂੰ ਮਿਲ ਰਹੇ ਹਨ। ਪੰਥਕ ਪਾਰਟੀ ਵਜੋ ਖੁੱਸੀ ਜ਼ਮੀਨ ਭਾਲ ਰਹੇ ਅਕਾਲੀ ਦਲ ਵਲੋ ਆਪਣੇ ਢੰਗ ਦੀ ਸੰਗਠਿਤ ਤੇ ਪ੍ਰਬੰਧਕੀ ਮੁਹਿੰਮ ਤੋ ਅੱਗੇ ਪੰਜਾਬ ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਸਰਗਰਮੀਆਂ ਚਮਤਕਾਰੀ ਨਾਅਰਿਆਂ ਤੇ ਵਾਅਦਿਆਂ ਦੀ ਨਵੀ ਇਬਾਰਤ ਲਿਖਣ ਵਿਚ ਉਲਝੀਆਂ ਦਿਖਾਈ ਦੇ ਰਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਗੱਦੀ ਤੋ ਲਾਹਕੇ ਦਲਿਤ ਚਿਹਰੇ ਦੀ ਰਾਜਨੀਤੀ ਨਾਲ ਮੁੜ ਸੱਤਾ ਪ੍ਰਾਪਤੀ ਦੀ ਖੇਡ ਵਿਚ ਲੱਗੀ ਕਾਂਗਰਸ ਹਾਈਕਮਾਨ ਦੀ ਲਿਖੀ ਸਕਰਿਪਟ ਉਪਰ ਅੱਛੀ ਭੂਮਿਕਾ ਨਿਭਾਉਂਦੇ ਹੋਏ ਮੁੱਖ ਮੰਤਰੀ ਚੰਨੀ ਨੇ ਆਪਣੀ 72 ਦਿਨ ਦੀ ਕਾਰਗੁਜਾਰੀ ਰਿਪੋਰਟ ਪੇਸ਼ ਕਰ ਦਿੱਤੀ ਹੈ। ਸਾਢੇ ਚਾਰ ਸਾਲ ਲੋਕ ਇਛਾਵਾਂ ਨੂੰ ਵਿਸਾਰਨ ਵਾਲੇ ਕਾਂਗਰਸੀ ਮੁੱਖ ਮੰਤਰੀ ਦੀ ਥਾਂ ਨਵੇ ਚਿਹਰੇ ਦੀ ਰਾਜਨੀਤੀ ਉਪਰ ਇਹ ਟੇਕ ਰੱਖੀ ਜਾ ਰਹੀ ਹੈ ਕਿ ਹੁਣ ਮੁੱਖ ਮੁਕਾਬਲਾ ਕਾਂਗਰਸ ਤੇ ਆਪ ਵਿਚਾਲੇ ਰਹੇਗਾ। ਆਪ ਵਲੋ ਮੁੱਖ ਮੰਤਰੀ ਚੰਨੀ ਨੂੰ 'ਨਕਲੀ ਕੇਜਰੀਵਾਲ' ਤੇ 'ਐਲਾਨਜੀਤ ਸਿੰਘ' ਦੇ ਨਾਵਾਂ ਨਾਲ ਤਨਜ਼ ਕੱਸੇ ਜਾ ਰਹੇ ਹਨ। ਜਨ ਸਧਾਰਣ ਦੇ ਮੁੱਖ ਮੰਤਰੀ ਵਜੋ ਚੰਨੀ ਵਲੋ ਆਮ ਤੇ ਸਧਾਰਣ ਕੰਮਾਂ ਦੀ ਵਡਿਆਈ ਦੇ ਖੁਲਾਸੇ ਪੈਰੋਡੀ ਵਜੋ ਸੋਸ਼ਲ ਮੀਡੀਆ ਉਪਰ ਘੁੰਮ ਰਹੇ ਹਨ। ਦਿਨਾਂ ਬਾਦ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਵੀ ਫਾਰਮ ਵਿਚ ਦਿਖਾਈ ਦੇਣ ਲੱਗੇ ਹਨ ਤੇ ਟਵੀਟ ਨਿਸ਼ਾਨਾ ਆਪਣਿਆਂ ਤੋ ਹਟਕੇ ਕੇਜਰੀਵਾਲ ਦੁਆਲੇ ਹੈ। ਵੱਖਰੀ ਗੱਲ ਹੈ ਕਿ ਹਥਿਆਰਾਂ ਤੇ ਨਸ਼ਿਆਂ ਨੂੰ ਪ੍ਰੋਮੋਟ ਕਰਨ ਵਾਲੇ ਗਾਇਕ ਸਿੱਧੂ ਮੂਸੇਵਾਲਾ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਸਮੇ ਉਸਨੂੰ ਵੱਡੀ ਕੁਰਸੀ ਦੀ ਪੇਸ਼ਕਸ਼ ਕਰਦਿਆਂ ਇਹ ਭੁੱਲ ਗਏ ਕਿ ਉਹਨਾਂ ਦੇ ਪਰਚਾਰੇ ਜਾ ਰਹੇ ਆਪਣੇ 'ਪੰਜਾਬ ਮਾਡਲ' ਦਾ ਕੀ ਬਣੇਗਾ ? ਉਧਰ ਰਾਜਨੀਤੀ ਬਦਲਣ ਦੇ ਨਾਅਰੇ ਨਾਲ ਰਾਜਨੀਤੀ ਵਿਚ ਆਏ ਕੇਜਰੀਵਾਲ ਨੇ ਪੰਜਾਬ ਦੌਰਿਆਂ ਦੌਰਾਨ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਸੱਤਾ ਦੀ ਪ੍ਰਾਪਤੀ ਲਈ ਕਿਸ ਹੱਦ ਤੱਕ ਜਾ ਸਕਦੇ ਹਨ। ਕਾਲੇ -ਗੋਰੇ ਚਿਹਰਿਆਂ ਦੀ ਨਵੀ ਭਸੂੜੀ ਪਾਉਂਦਿਆਂ ਉਹ ਪੰਜਾਬ ਦੀਆਂ ਇਕ ਕਰੋੜ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦੇ ਵਾਅਦੇ ਨਾਲ ਔਰਤਾਂ ਦੇ ਸ਼ਸ਼ਕਤੀਕਰਣ ਦਾ ਨਾਅਰਾ ਬੁਲੰਦ ਕਰਨ ਲੱਗੇ ਹਨ ਜਿਸਦੀ ਕਿ ਆਪਣੀ ਦਿੱਲੀ ਕੈਬਨਿਟ ਵਿਚ ਹੁਣ ਤੱਕ ਕੋਈ ਔਰਤ ਮੰਤਰੀ ਨਹੀ ਹੈ। ਰਵਾਇਤੀ ਸਿਆਸੀ ਪਾਰਟੀਆਂ ਵਲੋ ਲੋਕਾਂ ਨੂੰ ਮੁਫਤਖੋਰ ਬਣਾਉਣ ਦੀਆਂ ਚਾਲਾਂ ਦਾ ਮਜ਼ਾਕ ਉਡਾਉਣ ਵਾਲੇ ਅੱਜ ਖੁਦ ਹੀ ਉਹਨਾਂ ਲੀਹੇ ਉਪਰ ਹੋ ਤੁਰੇ ਹਨ, ਜਿਸ ਰਸਤੇ ਬਰਬਾਦੀ ਤੋ ਸਿਵਾਏ ਕੁਝ ਨਹੀ। ਕੇਜਰੀਵਾਲ ਦੇ ਚੋਣ ਵਾਅਦਿਆਂ ਅਤੇ ਮੁਫਤ ਦੀਆਂ ਸਕੀਮਾਂ ਦੇ ਐਲਾਨ ਤੋ ਸਧਾਰਣ ਤੇ ਗੁਰਬਤ ਹੰਢਾ ਰਹੇ ਲੋਕ ਤਾਂ ਖੁਸ਼ ਹੋ ਸਕਦੇ ਹਨ ਪਰ ਉਹਨਾਂ ਲੋਕਾਂ ਦੇ ਦੰਦ ਜੁੜ ਗਏ ਹਨ ਜੋ ਉਸਨੂੰ ਭਾਰਤੀ ਰਾਜਨੀਤੀ ਵਿਚ ਇਕ ਵੱਖਰੀ ਲੀਹ ਪਾਉਣ ਵਾਲਾ ਆਗੂ ਤਸੱਵਰ ਕਰਦੇ ਰਹੇ ਹਨ।

ਚੋਣਾਂ ਦੌਰਾਨ ਸਿਆਸੀ ਪਾਰਟੀਆਂ ਤੇ ਆਗੂਆਂ ਵਲੋ ਲੋਕ ਲੁਭਾਉਣੇ ਵਾਅਦਿਆਂ ਤੇ ਦਾਅਵਿਆਂ ਦੀ ਖੇਡ ਕੋਈ ਨਵੀ ਨਹੀ। ਇਹ ਖੇਡ ਹਰ ਰਾਜ ਤੇ ਕੇਂਦਰ ਦੀ ਸੱਤਾ ਹਥਿਆਉਣ ਲਈ ਸਿਆਸੀ ਖਿਡਾਰੀਆਂ ਵਲੋ ਹਰ ਵਾਰ ਦੁਹਰਾਈ ਜਾਂਦੀ ਹੈ। ਆਮ ਲੋਕ ਜਾਣ ਢੱਠੇ ਖੂਹ ਵਿਚ। ਦਾਅਵਾ ਹੈ ਕਿ ਦੇਸ਼ ਤਰੱਕੀ ਅਤੇ ਵਿਕਾਸ ਦੀਆਂ ਲੀਹਾਂ ਉਪਰ ਅੱਗੇ ਵਧ ਰਿਹਾ ਹੈ। ਸ਼ਾਇਦ ਜਿਸਦਾ ਨਾਮ ਹੁਣ ਭਾਰਤ ਤੋ ਹਿੰਦੁਸਤਾਨ ਹੋ ਗਿਆ ਹੈ....ਦੁਨੀਆ ਦਾ ਸਭ ਤੋ ਵੱਡਾ ਲੋਕਤੰਤਰ। ਵੋਟਾਂ ਆ ਰਹੀਆਂ ਹਨ ਤੇ ਹਰ ਨਾਗਰਿਕ ਵੋਟ ਪਾਉਣ ਲਈ ਆਜ਼ਾਦ ਹੈ! ਆਖਰ ਸਰਕਾਰਾਂ ਤਾਂ ਲੋਕ ਹੀ ਚੁਣਦੇ ਹਨ! ਚਲੋ ਫਿਰ ਲੀਡਰਾਂ ਦੇ ਐਲਾਨਾਂ, ਵਾਅਦਿਆਂ ਤੇ ਦਾਅਵਿਆਂ ਦੀ ਸੂਚੀ ਬਣਾਈਏ, ਕਿਸੇ ਦੀ ਉਸਤਤ, ਕਿਸੇ ਨੂੰ ਭੰਡੀਏ ਤੇ ਸੋਸ਼ਲ ਮੀਡੀਏ ਉਪਰ ਚਰਚਾ ਵਿਚ ਭਾਗ ਲਈਏ......ਜਮਹੂਰੀਅਤ ਨੂੰ ਮਜ਼ਬੂਤ ਕਰੀਏ..! ਨਵਾਂ ਲੀਡਰ ਬਣਿਆ ਗਾਇਕ ਸਿੱਧੂ ਮੂਸੇਵਾਲਾ ਵੀ ਤਾਂ ਇਹੀ ਕਹਿ ਰਿਹੈ... ਸਿਸਟਮ ਨੂੰ ਸੁਧਾਰਨ ਲਈ ਗੰਦ ਵਿਚ ਤਾਂ ਉਤਰਨਾ ਹੀ ਪੈਣਾ.....

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661

# ਜਨਰਲ ਰਾਵਤ, ਪਤਨੀ 14 ਫੌਜੀ ਅਫਸਰ ਤੇ ਜਵਾਨ ਹੈਲੀਕਾਪਟਰ ਹਾਦਸੇ ਵਿਚ ਹਲਾਕ

## ਫੌਜ ਦੀ ਉਚ ਪੱਧਰੀ ਟੀਮ ਨੇ ਹਾਦਸੇ ਦੀ ਜਾਂਚ ਆਰੰਭੀ







ਨਵੀਂ ਦਿੱਲੀ-ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੰਸਦ ਵਿੱਚ ਤਾਮਿਲ ਨਾਡੂ 'ਚ ਬੁੱਧਵਾਰ ਨੂੰ ਵਾਪਰੇ ਹੈਲੀਕਾਪਟਰ ਹਾਦਸੇ ਦੀ ਤਫ਼ਸੀਲ ਸਾਂਝੀ ਕਰਦਿਆਂ ਕਿਹਾ ਕਿ ਏਅਰ ਮਾਰਸ਼ਲ ਮਾਨਵੇਂਦਰ





ਸਿੰਘ ਦੀ ਅਗਵਾਈ ਵਾਲੀ ਤਿੰਨਾਂ ਸੈਨਾਵਾਂ ਦੀ ਸਾਂਝੀ ਟੀਮ ਨੇ ਪਹਿਲਾਂ ਹੀ ਜਾਂਚ ਵਿੱਢ ਦਿੱਤੀ ਹੈ। ਉਨ੍ਹਾਂ ਦੋਵਾਂ ਸਦਨਾਂ ਦੇ ਮੈਂਬਰਾਂ ਨੂੰ ਦੱਸਿਆ ਕਿ ਹਾਦਸੇ ਵਿੱਚ ਬਚੇ ਇਕਲੌਤੇ (ਭਾਰਤੀ ਹਵਾਈ ਸੈਨਾ ਦੇ) ਗਰੁੱਪ ਕੈਪਟਨ ਵਰੁਣ ਸਿੰਘ ਨੂੰ ਬਚਾਉਣ ਲਈ ਸਾਰੇ ਯਤਨ ਕੀਤੇ ਜਾ ਰਹੇ ਹਨ। ਲੋਕ ਸਭਾ ਤੇ ਰਾਜ ਸਭਾ ਨੇ ਮੌਨ ਰੱਖ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ। ਤਾਮਿਲ ਨਾਡੂ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਕੁੰਨੂਰ ਨੇੜੇ ਵਾਪਰੇ ਹੈਲੀਕਾਪਟਰ ਹਾਦਸੇ ਵਿੱਚ ਸੀਡੀਐੱਸ ਬਿਪਿਨ ਰਾਵਤ ਤੇ 12 ਹੋਰਨਾਂ ਦਾ ਦੇਹਾਂਤ ਹੋ ਗਿਆ ਸੀ। ਸਿੰਘ ਨੇ ਕਿਹਾ, "ਭਾਰਤੀ ਹਵਾਈ ਸੈਨਾ ਏਅਰ ਮਾਰਸ਼ਲ ਮਾਨਵੇਂਦਰ ਸਿੰਘ ਦੀ ਅਗਵਾਈ ਵਿੱਚ ਤਿੰਨਾਂ ਸੈਨਾਵਾਂ ਦੀ ਇਕ ਸਾਂਝੀ ਟੀਮ ਵੱਲੋਂ ਹਾਦਸੇ ਦੀ ਜਾਂਚ ਦੇ ਹੁਕਮ ਦੇ ਚੁੱਕੀ ਹੈ। ਤਫ਼ਤੀਸ਼ਕਾਰਾਂ ਦੀ ਟੀਮ ਬੁੱਧਵਾਰ ਨੂੰ ਹੀ ਵੈਲਿੰਗਟਨ ਪੁੱਜ ਗਈ ਸੀ ਤੇ ਇਸ ਨੇ ਆਪਣਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ।" ਸਿੰਘ ਨੇ ਕਿਹਾ ਕਿ ਚੀਫ਼ ਆਫ਼ ਡਿਫੈਂਸ ਸਟਾਫ਼ ਦਾ ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ ਕੀਤਾ ਜਾਵੇਗਾ। ਉਨ੍ਹਾਂ ਹਾਦਸੇ ਵਿੱਚ ਮਾਰੇ ਗਏ ਹੋਰਨਾਂ ਅਧਿਕਾਰੀਆਂ ਤੇ ਅਮਲੇ ਦਾ ਵੀ ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ ਕੀਤੇ ਜਾਣ ਦੀ ਗੱਲ ਆਖੀ। ਰੱਖਿਆ ਮੰਤਰੀ ਨੇ ਦੋਵਾਂ ਸਦਨਾਂ ਨੂੰ ਹਾਦਸੇ ਦੀ ਤਫ਼ਸੀਲ ਦਿੰਦਿਆਂ ਕਿਹਾ ਕਿ ਸੀਡੀਐੱਸ ਬਿਪਿਨ ਰਾਵਤ ਵੈਲਿੰਗਟਨ ਸਥਿਤ ਡਿਫੈਂਸ ਸਰਵਸਿਜ਼ ਸਟਾਫ ਕਾਲਜ ਦੀ ਫੇਰੀ ਲਈ ਗਏ ਸਨ, ਜਿੱਥੇ ਉਨ੍ਹਾਂ ਵਿਦਿਆਰਥੀ ਅਫਸਰਾਂ ਦੇ ਰੂਬਰੂ ਹੋਣਾ ਸੀ। ਸਿੰਘ ਨੇ ਕਿਹਾ ਕਿ ਮ੍ਰਿਤਕ ਦੇਹਾਂ ਭਾਰਤੀ ਹਵਾਈ ਸੈਨਾ ਦੇ ਜਹਾਜ਼ ਰਾਹੀਂ ਦਿੱਲੀ ਲਿਆਂਦੀਆਂ ਜਾਣਗੀਆਂ। ਉਧਰ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਜਨਰਲ ਰਾਵਤ ਦੀ ਬੇਵਕਤੀ ਮੌਤ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਦੇਸ਼ ਨੇ ਕੁਸ਼ਲ ਯੋਧਾ ਗੁਆ ਲਿਆ ਹੈ। ਉਨ੍ਹਾਂ ਜਨਰਲ ਰਾਵਤ ਨੂੰ ਅਸਾਧਾਰਨ ਰਣਨੀਤੀਕਾਰ ਤੇ ਤਜਰਬੇਕਾਰ/ਹੰਢਿਆ ਹੋਇਆ ਆਗੂ ਦੱਸਿਆ। ਰਾਜ ਸਭਾ ਵਿੱਚ ਡਿਪਟੀ ਚੇਅਰਮੈਨ ਹਰਿਵੰਸ਼ ਨੇ ਸ਼ਰਧਾਂਜਲੀ ਦਿੰਦਿਆਂ ਜਨਰਲ ਰਾਵਤ ਨੂੰ ਅਸਾਧਾਰਨ ਤੇ ਉੱਘਾ ਫੌਜੀ ਆਗੂ ਦੱਸਿਆ। ਦੋਵਾਂ ਸਦਨਾਂ ਦੇ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ।



ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca




BLACK & WHITE
AUTO BODY PAINT
ICBC c.a.r. shop VALET
Accredited Collision Repairs & Valet Service

ਹਰ ਵੱਡੀ ਤੇ ਛੋਟੀ ਜੌਬ ਕਰਦੇ ਹਾਂ!
ਪੁਸ਼ਪਿੰਦਰ 604.720.3511
ਪ੍ਰਿੰਸ 604.366-6474
• ਆਟੋ ਗਲਾਸ ਵੀ ਬਦਲਦੇ ਹਾਂ
• ਕੰਪਲੀਟ ਬਾਡੀ ਰਿਪੇਅਰ ਅਤੇ ਪੇਂਟ
• ICBC ਅਤੇ ਪ੍ਰਾਈਵੇਟ ਕਲੇਮ

#16B-7823-132nd St., Surrey
Off: 604.503.0988
Fax: 604.503.0989 • Email: blackandwhiteauto@ymail.com

# ਸਿੱਖ ਕੌਣ ਹੈ ? ਕਿਹੜੇ ਸ਼ਰਧਾਲੂਆਂ ਨੂੰ ਮਿਲਾ ਕੇ 'ਸਿੱਖ ਪੰਥ' ਬਣਦਾ ਹੈ ?

ਸਤਿਗੁਰੂ ਨਾਨਕ ਦੇਵ ਜੀ ਉੱਤੇ ਸ਼ਰਧਾ ਰੱਖਣ ਵਾਲਾ ਹਰ ਪ੍ਰਾਣੀ "ਸਿੱਖ" ਹੈ, ਕਿਉਂਕਿ "ਸਿੱਖੀ" ਸ਼ਰਧਾ ਨਾਲ ਹੈ ; ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ (ਮ:1) । ਸਿਰਫ ਮਨੁੱਖ ਹੀ ਨਹੀਂ, ਹਰ ਪ੍ਰਾਣੀ "ਸਿੱਖ"(ਸ਼ਿਸ਼ /ਮੁਰੀਦ) ਹੈ। ਸਾਰੇ ਗੁਰੂ ਨਾਨਕ ਨਾਮ ਲੇਵਾ (ਨਾਨਕ ਪੰਥੀਆਂ) ਨੂੰ ਮਿਲਾ ਕੇ ਹੀ ਸਮੁੱਚਾ ਸਿੱਖ ਪੰਥ ਬਣਦਾ ਹੈ। ਸਿੱਖ ਪੰਥ: ਸਿਰਫ "ਅੰਮ੍ਰਿਤਧਾਰੀ ਖਾਲਸੇ" ਹੀ ਨਹੀਂ; ਜਦ ਕਿ "ਅੰਮ੍ਰਿਤਧਾਰੀ ਖਾਲਸੇ" (ਖਾਲਸਾ ਪੰਥ) ਤਾਂ ਸਮੁੱਚੇ ਸਿੱਖ ਪੰਥ ਦਾ ਇੱਕ ਸ੍ਰੇਸ਼ਟ ਅੰਗ ਹਨ। ਭਾਈ ਘਨਈਆ, ਭਾਈ ਨੰਦ ਲਾਲ, ਦੀਵਾਨ ਟੋਡਰ ਮੱਲ ਆਦਿ ਸਿੱਖ; ਦਸਵੇਂ ਪਾਤਸ਼ਾਹ ਜੀ ਦੇ ਸਮੇਂ ਵੀ "ਅੰਮ੍ਰਿਤਧਾਰੀ"ਨਹੀਂ ਸਨ: ਪਰ ਉਹ ਵੀ ਮਹਾਨ ਸਿੱਖ ਸਨ। ਅੱਜ ਵੀ ਜੋ ਹਿੰਦੂ, ਮੁਸਲਮਾਨ, ਜੈਨ, ਬੁੱਧ ਆਦਿ ਗੁਰੂ ਜੀ ਉੱਤੇ ਸ਼ਰਧਾ ਰੱਖਦੇ ਹਨ, ਉਹ ਸਾਰੇ ਹੀ "ਨਾਨਕ ਪੰਥੀ" ਹਨ ਅਤੇ "ਸਿੱਖ" (ਸ਼ਿਸ਼ /ਮੁਰੀਦ) ਹਨ। ਕਿਉਂਕਿ, ਗੁਰੂ ਜੀ ਨੇ ਕੋਈ ਵੀ ਵੱਖਰਾ ਪੰਥ ਕਦੇ ਵੀ ਨਹੀਂ ਬਣਾਇਆ ਅਤੇ ਨਾ ਹੀ ਉਹਨਾਂ ਨੇ ਇਹ ਬਚਨ ਕੀਤਾ: "ਮੈਂ ਇਹ ਵੱਖਰਾ ਨਵਾਂ ਪੰਥ ਬਣਾ ਰਿਹਾ ਹਾਂ, ਇਸਦਾ ਨਾਮ "ਸਿੱਖ"(ੳ) ਹੋਵੇਗਾ।


ਠਾਕੁਰ ਦਲੀਪ ਸਿੰਘ

ਜੇਕਰ ਗੁਰੂ ਜੀ ਨੇ ਆਪਣਾ ਨਵਾਂ ਵੱਖਰਾ ਪੰਥ ਬਣਾ ਕੇ ਉਸ ਨੂੰ "ਸਿੱਖ" ਨਾਮ ਦਿੱਤਾ ਹੁੰਦਾ ਤਾਂ ਮੁਸਲਮਾਨਾਂ ਦੇ ਵੱਡੇ-ਵੱਡੇ ਪੀਰ: ਜਿਵੇਂ ਸਾਂਈ ਮੀਆਂ ਮੀਰ, ਪੀਰ ਬੁੱਧੂ ਸ਼ਾਹ ਆਦਿ; ਉਹ ਕਦੇ ਵੀ ਗੁਰੂ ਜੀ ਦੇ ਸ਼ਰਧਾਲੂ ਨਾ ਬਣਦੇ। ਜੇਕਰ ਗੁਰੂ ਜੀ ਨੇ ਵੱਖਰਾ ਪੰਥ ਬਣਾਇਆ ਹੁੰਦਾ, ਤਾਂ 'ਪੀਰ ਭੀਖਣ ਸ਼ਾਹ' ਦੋ ਕੁੱਜੀਆਂ ਦੀ ਥਾਂ, ਤਿੰਨ ਕੁੱਜੀਆਂ ਲੈ ਕੇ ਆਉਂਦਾ। ਪਰ, ਗੁਰੂ ਜੀ ਨੇ ਆਪਣਾ ਵੱਖਰਾਪਣ : ਵੱਖਰਾ ਧਰਮ, ਵੱਖਰਾ ਪੰਥ ਕਦੇ ਬਣਾਇਆ ਹੀ ਨਹੀਂ। ਗੁਰੂ ਜੀ ਨੇ ਸਾਂਝਾ ਸ਼ੁਭ ਉਪਦੇਸ਼ ਦਿੱਤਾ, ਤਾਂ ਹੀ:ਲਾਮੇ, ਹਿੰਦੂ, ਮੁਸਲਮਾਨ, ਬੋਧੀ ਆਦਿ ਸਾਰੇ ਹੀ ਸਤਿਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸੇਵਕ ਬਣੇ। ਇਸ ਲਈ ਹਰ 'ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ' "ਸਿੱਖ" ਹੈ। ਜੋ ਵੀ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦਾ/ਸ਼ਰਧਾ ਰੱਖਦਾ ਹੈ ਅਤੇ ਉਹਨਾਂ ਦੇ ਗੱਦੀ-ਨਸ਼ੀਨ ਗੁਰੂ ਸਾਹਿਬਾਨਾਂ ਨੂੰ ਮੰਨਦਾ ਹੈ: ਭਾਵੇਂ ਉਹ ਇੱਕ ਨੂੰ ਮੰਨੇ ਜਾਂ ਬਹੁਤਿਆਂ ਨੂੰ ਮੰਨੇ; ਉਹ ਮਨੁੱਖ ਆਪਣੇ ਉਸੇ ਵਿਸ਼ਵਾਸ ਅਤੇ ਸ਼ਰਧਾ ਸਮੇਤ ਹੀ ਸਿੱਖ/ਸ਼ਿਸ਼ /ਮੁਰੀਦ ਹੈ। ਜਿਵੇਂ ਮੁਸਲਮਾਨ, ਧੀਰਮੱਲੀਏ, ਰਾਮਰਾਈਏ, ਸਹਿਜਧਾਰੀ, ਨਾਮਧਾਰੀ ਆਦਿ।

"ਗੁਰੂ ਨਾਨਕ ਪੰਥੀਆਂ" ਨੂੰ, ਉਹ ਜਿਸ ਵਿਸਵਾਸ਼ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਜਿੰਨੇ ਵੀ ਗੱਦੀ ਨਸ਼ੀਨਾਂ ਨੂੰ ਮੰਨਦੇ ਹਨ; ਉਹਨਾਂ ਸ਼ਰਧਾਲੂਆਂ ਨੂੰ, ਉਸੇ ਰੂਪ ਵਿਚ "ਨਾਨਕ ਪੰਥੀ" ਹੋਣ ਕਰਕੇ "ਸਿੱਖ" ਪ੍ਰਵਾਨ ਕਰਨਾ ਯੋਗ ਹੈ। ਜਿਵੇਂ ਕਿ ਉਦਾਸੀ: ਸਤਿਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਬਾਬਾ ਸ੍ਰੀ ਚੰਦ ਜੀ ਨੂੰ, ਧੀਰਮੱਲੀਏ: ਬਾਬਾ ਧੀਰਮੱਲ ਜੀ ਨੂੰ, ਰਾਮਰਾਈਏ: ਬਾਬਾ ਰਾਮਰਾਇ ਜੀ ਨੂੰ ਅਤੇ ਨਾਮਧਾਰੀਏ: ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਦੇ ਹਨ। ਇਸੇ ਤਰ੍ਹਾਂ ਬਾਕੀ ਸੰਪਰਦਾਵਾਂ ਦੇ ਵੀ ਆਪੋ ਆਪਣੇ ਵਿਸ਼ਵਾਸ ਹਨ। ਉਹਨਾਂ ਦੇ ਵਿਸ਼ਵਾਸਾਂ ਨੂੰ ਉਸੇ ਤਰ੍ਹਾਂ ਹੀ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਅਤੇ ਕਿਸੇ ਵੀ ਸੰਪਰਦਾ ਨੂੰ ਆਪਣੇ ਵਿਸ਼ਵਾਸ, ਦੂਸਰੀ ਸੰਪਰਦਾ ਉੱਤੇ ਠੋਸਣੇ ਨਹੀਂ ਚਾਹੀਦੇ। ਜੇਕਰ ਅਸੀਂ ਇਸ ਉੱਤਮ ਅਤੇ ਵਿਸ਼ਾਲ ਸੋਚ ਨੂੰ ਅਪਣਾ ਲਈਏ, ਤਾਂ ਸਾਰੇ ਗੁਰੂ ਨਾਨਕ ਪੰਥੀਆਂ ਨੂੰ ਮਿਲਾ ਕੇ ਸਿੱਖ ਪੰਥ ਦੀ ਗਿਣਤੀ 50 ਕਰੋੜ ਤੋਂ ਵੱਧ ਹੋ ਜਾਵੇਗੀ। (ਕਿਉਂਕਿ, ਬਹੁਤ ਸਾਰੇ ਹਿੰਦੂ ਆਖੇ ਜਾਂਦੇ ਵੀਰ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ।)



ਸਤਿਗੁਰੂ ਨਾਨਕ ਦੇਵ ਜੀ ਦੀ ਰੰਗ ਬਿਰੰਗੀ ਫੁਲਵਾੜੀ ਦੇ ਰੰਗ ਬਿਰੰਗੇ ਫੁੱਲ; ਕਈ ਸੰਪਰਦਾਵਾਂ ਦੇ ਰੂਪ ਵਿਚ ਹਨ। ਕੁਝ "ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ" ਦੇ ਨਾਮ ਹੇਠ ਲਿਖੇ ਹਨ, ਪਰ ਸਾਰੇ ਨਹੀਂ ਮਿਲੇ:

1) ਉਦਾਸੀ। 2) ਸਿੰਧੀ। 3) ਧੀਰਮੱਲੀਏ। 4) ਰਾਮਰਾਈਏ। 5) ਸਤਿ ਕਰਤਾਰੀਏ। 6) ਹਿੰਦਲੀਏ। 7) ਹੀਰਾ ਦਾਸੀਏ। 8) ਨਾਮਧਾਰੀ। 9) ਨਿਰੰਕਾਰੀ। 10) ਨਿਹੰਗ। 11) ਬੰਦਈ। 12) ਨਿਰਮਲੇ। 13) ਸੇਵਾ ਪੰਥੀ। 14) ਗਹਿਰ ਗੰਭੀਰੀਏ। 15) ਨੀਲਧਾਰੀ। 16) ਅਕਾਲੀ। 17) ਭਗਤਪੰਥੀ। 18)ਸਿਕਲੀਗਰ। 19) ਸਤਿਨਾਮੀ। 20) ਜੌਹਰੀ। 21) ਅਫਗਾਨੀ। 22) ਮਰਦਾਨੇ ਕੇ। 23) ਅਸਾਮੀ। 24) ਲਾਮੇ। 25) ਵਣਜਾਰੇ। 26) ਅਗਰਹਾਰੀ। 27) ਸਹਿਜਧਾਰੀ, ਆਦਿ।

ਵਿਸ਼ੇਸ਼ : ਇਹਨਾਂ ਸੰਪਰਦਾਵਾਂ ਦੇ ਵਿਸ਼ਵਾਸ, ਬਾਹਰਲੇ ਸਰੂਪ ਅਤੇ ਪ੍ਰੰਪਰਾਵਾਂ ਆਪੋ-ਆਪਣੀਆਂ, ਵੱਖੋ-ਵੱਖ ਹਨ। ਉਸ ਵਖਰੇਵੇਂ ਕਾਰਣ ਹੀ, ਸਤਿਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਰੰਗ-ਬਿਰੰਗੀ ਹੈ। ਉਸ ਰੰਗ-ਬਿਰੰਗੀ ਫੁਲਵਾੜੀ ਨੂੰ, ਰੰਗ ਬਿਰੰਗੀ ਹੀ ਰੱਖਣ ਦੀ ਲੋੜ ਹੈ।

(ੳ) ਸੰਸਕ੍ਰਿਤ ਦੇ "ਸ਼ਿਸ਼ਯ" ਸ਼ਬਦ ਤੋਂ ਪੰਜਾਬੀ ਦਾ ਸ਼ਬਦ "ਸਿੱਖ" ਬਣਿਆ ਹੈ। ਗੁਰੂ ਜੀ ਦੇ ਸ਼ਿਸ਼ /ਸਿੱਖ ਹੋਣ ਕਰਕੇ ਸਾਡਾ ਸਿੱਖ ਨਾਮ ਪ੍ਰਚੱਲਿਤ ਹੋ ਗਿਆ ਹੈ। ਜੋ ਕਿ ਸਹੀ ਹੈ, ਇਸ ਨਾਮ ਨੂੰ ਵਰਤਣਾ ਯੋਗ ਹੈ। ਅੱਜ ਸਾਰੇ ਸੰਸਾਰ ਵਿਚ ਸਿੱਖ ਨਾਮ ਵਾਲੇ ਧਰਮ/ਪੰਥ ਦਾ ਬੜਾ ਜਸ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਉਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਉਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions & Get Sold Guaranteed
We Help Buyers With Cash Back
Buy, Sell, Mortgage or Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਕੈਟਰੀਨਾ ਤੇ ਵਿੱਕੀ ਕੌਸ਼ਲ ਨੇ ਹਿੰਦੂ ਰੀਤੀ ਰਿਵਾਜਾਂ ਨਾਲ ਕਰਵਾਇਆ ਵਿਆਹ

ਮੁੰਬਈ-ਬੌਲੀਵੁੱਡ ਅਦਾਕਾਰਾ ਕੈਟਰੀਨਾ ਕੈਫ ਅਤੇ ਅਦਾਕਾਰ ਵਿੱਕੀ ਕੌਸ਼ਲ ਦਾ ਅੱਜ ਸ਼ਾਹੀ ਅੰਦਾਜ਼ ਵਿੱਚ ਵਿਆਹ ਹੋਇਆ। ਰਾਜਸਥਾਨ ਦੇ ਸਵਾਈ ਮਾਧੋਪੁਰ ਜ਼ਿਲ੍ਹੇ ਚ ਸਥਿਤ ਸਿਕਸ ਸੈਨਸਿਜ਼ ਹੋਟਲ ਕਿਲ੍ਹਾ ਬਰਵਾੜਾ ਵਿੱਚ ਇਹ ਅਦਾਕਾਰ ਜੋੜਾ ਵਿਆਹ ਬੰਧਨ



ਵਿਚ ਬੱਝਿਆ। ਇਹ ਜੋੜੀ ਦੋਵੇਂ ਪਰਿਵਾਰਾਂ ਦੇ ਧਰਮ ਤੇ ਰੀਤੀ ਰਿਵਾਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦੋ ਵਿਆਹ ਸਮਾਗਮ ਕਰਵਾਏਗੀ। ਇਸ ਜੋੜੀ ਨੇ ਅੱਜ ਹਿੰਦੂ ਰੀਤੀ ਰਿਵਾਜਾਂ ਨਾਲ ਵਿਆਹ ਕਰਵਾਇਆ ਜਦਕਿ ਦੂਜੀ ਰਸਮ ਬਾਰੇ ਜਾਣਕਾਰੀ ਨਹੀਂ ਮਿਲ ਸਕੀ। ਵਿਆਹ ਤੋਂ ਕੁਝ ਘੰਟਿਆਂ ਬਾਅਦ ਹੀ ਜੋੜੀ ਨੇ ਇੰਸਟਾਗਰਾਮ ਤੇ ਕਈ ਤਸਵੀਰਾਂ ਨਸ਼ਰ ਕੀਤੀਆਂ ਜਿਸ ਵਿਚ ਉਹ ਦੋਵੇਂ ਫੇਰੇ ਲੈਂਦੇ ਤੇ ਇਕ ਦੂਜੇ ਦੇ ਵਰਮਾਲਾ ਪਾਉਂਦੇ ਨਜ਼ਰ ਆ ਰਹੇ ਹਨ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਹਲਦੀ ਦੀ ਰਸਮ ਵੇਲੇ ਵਿਆਹ ਵਿੱਚ ਆਏ ਮਹਿਮਾਨਾਂ ਦੀਆਂ ਹੋਟਲ ਦੇ ਗਲਿਆਰੇ ਚ ਫੋਟੋਆਂ ਸਾਹਮਣੇ ਆਈਆਂ ਸਨ, ਜਿਨ੍ਹਾਂ ਨੇ ਸਮਾਗਮ ਦੀ ਥੀਮ ਅਨੁਸਾਰ ਪੀਲੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ। ਉਪਰੰਤ ਗੀਤ-ਸੰਗੀਤ ਸਮਾਗਮ ਹੋਇਆ, ਜਿਸ ਵਿਚ ਉੱਘੇ ਗਾਇਕ ਗੁਰਦਾਸ ਮਾਨ ਅਤੇ ਸੰਗੀਤਕਾਰ ਸ਼ੰਕਰ ਮਹਾਦੇਵਨ ਤੇ ਅਹਿਸਾਨ ਨੂਰਾਨੀ ਦੀਆਂ ਪੇਸ਼ਕਾਰੀਆਂ ਹੋਈਆਂ ਜੋ ਵਿੱਕੀ ਦੇ ਪਿਤਾ ਸ਼ਾਮ ਕੌਸ਼ਲ ਦੇ ਮਨਪਸੰਦ ਹਨ। ਇਸ ਤੋਂ ਇਲਾਵਾ ਸਿੰਘ ਇਜ਼ ਕਿੰਗ, ਸਾਡੀ ਗਲੀ ਤੇ ਪੈਸਾ ਪੈਸਾ ਵਰਗੇ ਹਿੱਟ ਗੀਤ ਦੇਣ ਵਾਲੇ ਬ੍ਰਿਟਿਸ਼-ਭਾਰਤੀ ਸੰਗੀਤਕਾਰ ਮੰਜ ਮੁਸਿਕ, ਹਾਰਡੀ ਸੰਧੂ ਤੇ ਆਸਥਾ ਗਿੱਲ ਨੇ ਮਹਿਮਾਨਾਂ ਦਾ ਮਨੋਰੰਜਨ ਕੀਤਾ। ਗੀਤ-ਸੰਗੀਤ ਦੌਰਾਨ ਕੈਟਰੀਨਾ ਨੇ ਗੁਲਾਬੀ ਰੰਗ ਦਾ ਲਹਿੰਗਾ ਅਤੇ ਵਿੱਕੀ ਨੇ ਫੁੱਲ ਬੂਟਿਆਂ ਦੇ ਪ੍ਰਿੰਟ ਵਾਲੀ ਸ਼ੇਰਵਾਨੀ ਪਹਿਨੀ ਹੋਈ ਸੀ। ਵਿਆਹ ਦਾ ਪ੍ਰਬੰਧ ਕਰਨ ਵਾਲੇ ਸ਼ਾਦੀ ਸਕੁਐੱਡ ਵੱਲੋਂ ਸਮਾਗਮਾਂ ਵਾਲੀ ਥਾਂ ਨੇੜੇ ਇੰਟਰਨੈੱਟ ਜੈਮਰ ਲਗਾਏ ਗਏ ਹਨ ਤਾਂ ਜੋ ਕਿਸੇ ਵੀ ਰਸਮ ਨਾਲ ਸਬੰਧਤ ਤਸਵੀਰਾਂ ਸੋਸ਼ਲ ਮੀਡੀਆ ਤੇ ਵਾਇਰਲ ਨਾ ਹੋ ਸਕਣ।

### ਮਹਿਮਾਨਾਂ ਨੂੰ ਭੇਜੀਆਂ ਸਨ ਖਾਸ ਹਦਾਇਤਾਂ

ਸ਼ਾਦੀ ਸਕੁਐੱਡ ਵੱਲੋਂ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਲਈ ਖਾਸ ਹਦਾਇਤਾਂ ਵਾਲੇ ਸੱਦੇ ਪੱਤਰ ਤਿਆਰ ਕੀਤੇ ਗਏ ਸਨ, ਜਿਨ੍ਹਾਂ ਵਿੱਚ ਲਿਖਿਆ ਸੀ, 'ਸਾਨੂੰ ਆਸ ਹੈ ਕਿ ਤੁਸੀਂ ਜੈਪੁਰ ਤੋਂ ਰਣਥੰਬੋਰ ਤੱਕ ਸਫ਼ਰ ਦਾ ਆਨੰਦ ਮਾਣਿਆ ਹੋਵੇਗਾ।।ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਆਪਣੇ ਫੋਨ ਆਪਣੇ ਕਮਰਿਆਂ ਵਿੱਚ ਹੀ ਰੱਖ ਕੇ ਆਉਣਾ ਤਾਂ ਜੋ ਵਿਆਹ ਸਮਾਗਮ ਨਾਲ ਜੁੜੀ ਕਿਸੇ ਵੀ ਰਸਮ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਤੇ ਨਾ ਪਾਈਆਂ ਜਾਣ।।ਤੁਹਾਡੇ ਸ਼ੁਭਚਿੰਤਕ ਸ਼ਾਦੀ ਸਕੁਐੱਡ। ਜ਼ਿਕਰਯੋਗ ਹੈ ਕਿ ਫ਼ਿਲਮ ਜਗਤ ਦੀਆਂ ਕਈ ਵੱਡੀਆਂ ਹਸਤੀਆਂ ਦੇ ਵਿਆਹ ਸਮਾਗਮਾਂ ਦੀ ਜ਼ਿੰਮੇਵਾਰੀ ਸ਼ਾਦੀ ਸਕੁਆਡ ਵੱਲੋਂ ਹੀ ਨਿਭਾਈ ਗਈ ਹੈ। ਇਸ ਤੋਂ ਪਹਿਲਾਂ ਇਹ 'ਸ਼ਾਦੀ ਸਕੁਐੱਡ ਅਨੁਸ਼ਕਾ ਸ਼ਰਮਾ ਤੇ ਵਿਰਾਟ ਕੋਹਲੀ ਦੇ ਵਿਆਹ, ਪ੍ਰਿਯੰਕਾ ਚੋਪੜਾ ਤੇ ਨਿੱਕ ਜੋਨਸ ਦੀ ਮੰਗਣੀ, ਵਰੁਣ ਧਵਨ ਤੇ ਨਤਾਸ਼ਾ ਦਲਾਲ ਅਤੇ ਰਾਜ ਕੁਮਾਰ ਰਾ? ਤੇ ਪਤਰਲੇਖਾ ਦੇ ਵਿਆਹ ਦੀਆਂ ਤਿਆਰੀਆਂ ਦੀ ਜ਼ਿੰਮੇਵਾਰੀ ਨਿਭਾਅ ਚੁੱਕਾ ਹੈ।

## ਵਿਧਾਨ ਸਭਾ ਚੋਣਾਂ ਲਈ ਗਠਜੋੜ ਦਾ ਫੈਸਲਾ ਸਾਥੀਆਂ ਨਾਲ ਸਲਾਹ ਮਸ਼ਵਰੇ ਉਪਰੰਤ ਲਿਆ ਜਾਵੇਗਾ-ਢੀਂਡਸਾ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੇ ਗੱਠਜੋੜ ਸਬੰਧੀ ਅੰਤਿਮ ਫੈਸਲਾ ਪਾਰਟੀ ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਸਲਾਹ-ਮਸ਼ਵਰਾ ਕਰਕੇ ਕੀਤਾ ਜਾਵੇਗਾ। ਇਸ ਸਬੰਧੀ ਉਹ ਦੋਵੇਂ ਪਾਰਟੀਆਂ ਦੇ ਸੀਨੀਅਰ ਆਗੂਆਂ ਨਾਲ ਮੀਟਿੰਗਾਂ ਕਰ ਰਹੇ ਹਨ ਤੇ ਅੰਤਿਮ ਫ਼ੈਸਲਾ ਬਹੁਤ ਜਲਦੀ ਲਿਆ ਜਾਵੇਗਾ। ਪਾਰਟੀ ਦੇ ਬੁਲਾਰੇ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਿਨਾਂ ਕਿਸੇ ਦੇਰੀ ਦੇ ਕਰਵਾਉਣ ਦਾ ਐਲਾਨ ਕਰੇ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮਿਆਦ 2016 ਵਿੱਚ ਪੂਰੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ 13 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਹਰਪਾਲ ਟਿਵਾਣਾ ਮਿਊਜ਼ੀਅਮ ਪਟਿਆਲਾ 'ਚ ਸੈਮੀਨਾਰ ਕਰਵਾਇਆ ਜਾ ਰਿਹਾ ਹੈ।

## ਯੂਕੇ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੀ ਪਤਨੀ ਨੇ ਲੜਕੀ ਨੂੰ ਜਨਮ ਦਿੱਤਾ

ਲੰਡਨ-ਬਰਤਾਨਵੀ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੀ ਪਤਨੀ ਕੈਰੀ ਨੇ ਵੀਰਵਾਰ ਤੜਕੇ ਧੀ ਨੂੰ ਜਨਮ ਦਿੱਤਾ ਹੈ। ਜੌਹਨਸਨ ਦੇ ਦਫ਼ਤਰ ਨੇ ਕਿਹਾ ਕਿ ਜੱਚਾ ਤੇ ਬੱਚਾ ਦੋਵੇਂ ਤੰਦਰੁਸਤ ਹਨ। ਇਸ ਜੋੜੇ ਦਾ ਇਹ ਦੂਜਾ ਬੱਚਾ ਹੈ। ਪਹਿਲਾਂ ਇਨ੍ਹਾਂ ਕੋਲ ਵਿਲਫਰੈੱਡ ਨਾਂ ਦਾ ਬੇਟਾ ਹੈ, ਜੋ ਪਿਛਲੇ ਸਾਲ ਅਪਰੈਲ ਵਿੱਚ ਪੈਦਾ ਹੋਇਆ ਸੀ। ਜੌਹਨਸਨ ਦੇ ਆਪਣੇ ਪਹਿਲੇ ਵਿਆਹਾਂ ਤੋਂ ਪੰਜ ਹੋਰ ਬੱਚੇ ਹਨ। ਜੌਹਨਸਨ ਨੇ 33 ਸਾਲਾ ਕੈਰੀ ਜੌਹਨਸਨ ਨਾਲ ਇਸ ਸਾਲ ਮਈ ਵਿੱਚ ਵੈਸਟਮਿਨਸਟਰ ਗਿਰਜਾਘਰ 'ਚ ਵਿਆਹ ਕਰਵਾਇਆ ਸੀ। ਭਾਰਤੀ ਮੂਲ ਦੀ ਆਪਣੀ ਪਤਨੀ ਮਰੀਨਾ ਵ੍ਹੀਲਰ ਤੋਂ ਤਲਾਕ ਲੈਣ ਮਗਰੋਂ ਇਹ ਜੌਹਨਸਨ ਦਾ ਤੀਜਾ ਵਿਆਹ ਸੀ। ਵ੍ਹੀਲਰ ਤੋਂ ਜੌਹਨਸਨ ਦੇ ਚਾਰ ਬੱਚੇ ਹਨ। ਜੌਹਨਸਨ ਦੇ ਆਰਟ ਕੰਸਲਟੈਂਟ ਹੈਲਨ ਮੈਕਿਨਟਾਇਰ ਨਾਲ ਵੀ ਸਬੰਧ ਰਹੇ ਹਨ ਤੇ ਇਸ ਰਿਸ਼ਤੇ ਤੋਂ ਉਨ੍ਹਾਂ ਦਾ ਇਕ ਬੱਚਾ ਹੈ। ਜੌਹਨਸਨ ਦੀ ਪਹਿਲੀ ਪਤਨੀ ਅਲੈਗਰਾ ਮੋਸਟਿਨ ਓਵਨ ਤੋਂ ਉਨ੍ਹਾਂ ਨੂੰ ਕੋਈ ਬੱਚਾ ਨਹੀਂ ਸੀ।



## ਮਿਆਂਮਾਰ ਦੀ ਆਗੂ ਸੂ ਕੀ ਨੂੰ ਚਾਰ ਸਾਲ ਕੈਦ ਦੀ ਸਜ਼ਾ

ਬੈਂਕਾਕ-ਮਿਆਂਮਾਰ ਦੀ ਰਾਜਧਾਨੀ ਵਿਚ ਇਕ ਵਿਸ਼ੇਸ਼ ਅਦਾਲਤ ਨੇ ਦੇਸ਼ ਦੀ ਅਹੁਦੇ ਤੋਂ ਹਟਾਈ ਗਈ ਆਗੂ ਆਂਗ ਸਾਂ ਸੂ ਕੀ ਨੂੰ ਲੋਕਾਂ ਨੂੰ ਭੜਕਾਉਣ ਅਤੇ ਕਰੋਨਾਵਾਇਰਸ ਸਬੰਧੀ ਪਾਬੰਦੀਆਂ ਦੀ ਉਲੰਘਣਾ ਕਰਨ ਦਾ ਦੋਸ਼ੀ ਕਰਾਰ ਦਿੰਦੇ ਹੋਏ ਅੱਜ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਇਕ ਕਾਨੂੰਨੀ ਅਧਿਕਾਰੀ ਨੇ ਦਿੱਤੀ।ਦੇਸ਼ ਦੀ ਸੱਤਾ 'ਤੇ ਪਹਿਲੀ ਫਰਵਰੀ ਨੂੰ ਸੈਨਾ ਵੱਲੋਂ ਕਬਜ਼ਾ ਕੀਤੇ ਜਾਣ ਦੇ ਬਾਅਦ ਤੋਂ 76 ਸਾਲਾ ਨੋਬੇਲ ਪੁਰਸਕਾਰ ਜੇਤੂ ਇਸ ਆਗੂ 'ਤੇ ਚਲਾਏ ਜਾ ਰਹੇ ਕਈ ਮੁਕੱਦਮਿਆਂ ਵਿੱਚੋਂ ਪਹਿਲੇ ਮਾਮਲੇ ਵਿਚ ਇਹ ਸਜ਼ਾ ਮਿਲੀ ਹੈ। ਫ਼ੌਜ ਦੇ ਤਖ਼ਤਾ ਪਲਟ ਨੇ ਉਸ ਦੀ ਨੈਸ਼ਨਲ ਲੀਗ ਫਾਰ ਡੈਮੋਕ੍ਰੇਸੀ ਪਾਰਟੀ ਦੀ ਸਰਕਾਰ ਨੂੰ ਆਪਣਾ ਪੰਜ ਸਾਲ ਦਾ ਦੂਜਾ ਕਾਰਜਕਾਲ ਸ਼ੁਰੂ ਕਰਨ ਤੋਂ ਰੋਕ ਦਿੱਤਾ ਸੀ। ਅਗਲੇ ਹਫ਼ਤੇ ਦੀ ਸ਼ੁਰੂਆਤ ਵਿਚ ਹੋਰ ਦੋਸ਼ਾਂ ਦੇ ਸਬੰਧ ਵਿੱਚ ਵੀ ਸੂ ਕੀ ਨੂੰ ਫੈਸਲਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਉਹ ਸਾਰੇ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤੀ ਜਾਂਦੀ ਹੈ ਤਾਂ ਉਸ ਨੂੰ 100 ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਕਾਨੂੰਨੀ ਅਧਿਕਾਰੀ ਨੇ ਕਿਹਾ ਕਿ ਅਦਾਲਤ ਨੇ ਅੱਜ ਇਹ ਸਪੱਸ਼ਟ ਨਹੀਂ ਕੀਤਾ ਕਿ ਸੂ ਕੀ ਨੂੰ ਇਸ ਸਜ਼ਾ ਲਈ ਜੇਲ੍ਹ ਭੇਜਿਆ ਜਾਵੇਗਾ ਜਾਂ ਨਜ਼ਰਬੰਦ ਰੱਖਿਆ ਜਾਵੇਗਾ। ਲੋਕਤੰਤਰ ਲਈ ਆਪਣੇ ਲੰਬੇ ਸੰਘਰਸ਼ ਵਿਚ ਉਸ ਨੇ 1989 ਤੋਂ ਸ਼ੁਰੂ ਕਰਦੇ ਹੋਏ ਹੁਣ ਤੱਕ 15 ਸਾਲ ਨਜ਼ਰਬੰਦੀ ਵਿਚ ਬਿਤਾਏ ਹਨ।






# ਕੈਨੇਡਾ ਵਲੋਂ ਬੀਜਿੰਗ ਓਲੰਪਿਕ ਦਾ ਕੂਟਨੀਤਕ ਬਾਈਕਾਟ ਕਰਨ ਦਾ ਐਲਾਨ

ਸਫ਼ਾ 1 ਦੀ ਬਾਕੀ

ਪ੍ਰਤੀ ਮਾਨਵੀ ਹੱਕਾਂ ਦੀ ਉਲੰਘਣਾ ਦੇ ਵਿਰੋਧ ਵਿਚ ਸੋਮਵਾਰ ਕੂਟਨੀਤਕ ਬਾਈਕਾਟ ਦਾ ਐਲਾਨ ਕੀਤਾ ਸੀ। ਵਾਈਟ ਹਾਊਸ ਦੇ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਅਮਰੀਕਾ ਦੀ ਮਾਨਵੀ ਹੱਕਾਂ ਨੂੰ ਉਤਸ਼ਾਹਿਤ ਕਰਨ ਲਈ ਬੁਨਿਆਦੀ ਵਚਨਬੱਧਤਾ ਹੈ ਅਤੇ ਇਹ ਖੇਡਾਂ ਦੇ ਜਸ਼ਨ ਵਿਚ ਯੋਗਦਾਨ ਨਹੀਂ ਪਾਵੇਗਾ। ਇਸ ਪਿੱਛੋਂ ਆਸਟਰੇਲੀਆ ਤੇ ਬਰਤਾਨੀਆ ਵੀ ਇਸ ਰਾਹ 'ਤੇ ਚਲ ਤੁਰੇ ਹਨ। ਚੀਨ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ ਅਤੇ ਕਿਹਾ ਕਿ ਬਾਈਕਾਟ ਓਲੰਪਿਕ ਚਾਰਟਰ ਨਾਲ ਸਥਾਪਤ ਖੇਡਾਂ ਦੀ ਰਾਜਨੀਤਕ ਨਿਰਪੱਖਤਾ ਦੇ ਸਿਧਾਂਤ ਦੀ ਉਲੰਘਣਾ ਕਰਦਾ ਹੈ ਅਤੇ ਓਲੰਪਿਕ ਦੇ ਵਧੇਰੇ ਇਕਜੁਟ ਹੋਣ ਦੇ ਉਦੇਸ਼ ਦੇ ਉਲਟ ਹੈ। ਟਰੂਡੋ ਨੇ ਕਿਹਾ ਕਿ ਚੀਨ ਨੂੰ ਇਸ ਕਦਮ ਨਾਲ ਹੈਰਾਨ ਨਹੀਂ ਹੋਣਾ ਚਾਹੀਦਾ। ਅਸੀਂ ਪਿਛਲੇ ਕਈ ਸਾਲਾਂ ਤੋਂ ਮਾਨਵੀ ਹੱਕਾਂ ਦੀ ਉਲੰਘਣਾ ਬਾਰੇ ਆਪਣੀਆਂ ਚਿੰਤਾਵਾਂ ਬਾਰੇ ਬਹੁਤ ਸਪੱਸ਼ਟ ਹਾਂ।




## 30 ਦਿਨਾਂ ਵਿਚ ਕਨਵਰਸ਼ਨ ਥੇਰੈਪੀ ਕੈਨੇਡਾ ਵਿਚ ਗੈਰਕਾਨੂੰਨੀ ਹੋ ਜਾਵੇਗੀ

ਓਟਵਾ-ਕੈਨੇਡਾ ਵਿਚ ਕਨਵਰਸ਼ਨ ਥੇਰੈਪੀ ਕਰਨ 'ਤੇ ਪਾਬੰਦੀ ਲਗਾਉਣ ਵਾਲੇ ਫੈਡਰਲ ਕਾਨੂੰਨ ਨੂੰ ਰਾਇਲ ਦੀ ਮਨਜ਼ੂਰੀ ਮਿਲ ਗਈ ਹੈ ਜਿਸ ਦਾ ਮਤਲਬ ਬਿੱਲ ਹੁਣ ਕਾਨੂੰਨ ਬਣ ਗਿਆ ਹੈ ਪਰ ਇਹ ਨਵੇਂ ਫ਼ੌਜਦਾਰੀ ਅਪਰਾਧਾਂ ਲਈ ਜਨਵਰੀ ਦੇ ਸ਼ੁਰੂ ਤਕ ਲਾਗੂ ਨਹੀਂ ਹੋਵੇਗਾ। ਬਿੱਲ ਦੇ ਲਾਗੂ ਹੋਣ ਦੀਆਂ ਵਿਵਸਥਾਵਾਂ ਮੁਤਾਬਿਕ ਚਾਰ ਨਵੇਂ ਕ੍ਰਿਮੀਨਲ ਕੋਡ ਉਲੰਘਣਾ ਨੂੰ ਰਾਇਲ ਦੀ ਸਹਿਮਤੀ ਮਿਲਣ ਪਿੱਛੋਂ 30 ਦਿਨਾਂ ਦੇ ਅੰਦਰ 7 ਜਨਵਰੀ ਨੂੰ ਲਾਗੂ ਕੀਤਾ ਜਾਵੇਗਾ।

## ਨੌਰਥ ਡੈਲਟਾ ਦੇ ਲਾਪਤਾ ਅਨਮੋਲ ਜਗਤ ਦੀ ਲਾਸ਼ ਮਿਲੀ

ਸਰੀ-ਨੌਰਥ ਡੈਲਟਾ ਦੇ ਲਾਪਤਾ ਵਿਅਕਤੀ ਅਨਮੋਲ ਜਗਤ ਦੀ ਲਾਸ਼ ਮਿਲੀ ਹੈ। ਉਸ ਨੂੰ ਆਖਰੀ ਵਾਰ 24 ਅਕਤੂਬਰ ਨੂੰ ਅੱਧੀ ਰਾਤ ਨੂੰ 12.45 ਤੋਂ ਘਰੋਂ ਜਾਂਦੇ ਦੇਖਿਆ ਗਿਆ ਸੀ। ਡੀਪੀਡੀ ਪਬਲਿਕ ਅਫੇਅਰ ਮੈਨੇਜਰ ਕਰਿਸ ਲੇਕੌਂਫ ਨੇ ਕਿਹਾ ਕਿ ਕੋਰੋਨਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ 1 ਦਸੰਬਰ ਨੂੰ ਨੌਰਥ ਡੈਲਟਾ ਤੋਂ ਮਿਲੇ ਕੰਕਾਲ ਲਾਪਤਾ ਹੋਏ 21 ਸਾਲਾ ਅਨਮੋਲ ਜਗਤ ਦੇ ਸਨ। ਪੁਲਿਸ ਨੇ ਜਗਤ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਹੈ। ਉਸ ਦੀ ਮੌਤ ਨੂੰ ਸ਼ੱਕੀ ਨਹੀਂ ਮੰਨਿਆਂ ਜਾ ਰਿਹਾ।

# ਬਾਬਾ ਬੁੱਢਾ ਵੰਸ਼ਜ ਵਲੋਂ ਕਿਸਾਨ ਜਥੇਬੰਦੀਆ ਦੀ ਹੋਈ ਜਿੱਤ 'ਤੇ ਪ੍ਰਮਾਤਮਾ ਦਾ ਕੀਤਾ ਸ਼ੁਕਰਾਨਾ ਅਤੇ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ



ਛੇਹਰਟਾ (ਰਾਜ-ਤਾਜ ਰੰਧਾਵਾ)-ਅੰਸ਼ ਬੰਸ਼ ਬਾਬਾ ਬੁੱਢਾ ਸਾਹਿਬ "ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ (ਮੁੱਖੀ ਸੰਪਰਦਾ ਬਾਬਾ ਬੁੱਢਾ ਵੰਸ਼ਜ ਗੁਰੂ ਕੇ ਹਾਲੀ ਰੰਧਾਵੇ' ਗੁਰੂ ਕੀ ਵਡਾਲੀ) ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਦੀ ਹੋਈ ਜਿੱਤ 'ਤੇ ਜਿਥੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ?ਥੇ ਕਿਸਾਨ ਜਥੇਬੰਦੀਆਂ ਵਲੋਂ ਸ਼ੰਘਰਸ਼ ਦੌਰਾਨ ਦਿਖਾਈ ਏਕਤਾ ਲਈ ਵਧਾਈਆਂ ਵੀ ਦਿਤੀਆਂ ਹਨ । ਪ੍ਰੋ: ਬਾਬਾ ਰੰਧਾਵਾ ਨੇ ਦੱਸਿਆ ਕਿ ਭਾਰਤ ਦੀ ਕੇਂਦਰ ਸਰਕਾਰ ਵਲੋਂ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ਼ ਦੀਆਂ ਲਗਭਗ 32 ਕਿਸਾਨ ਜਥੇਬੰਦੀਆਂ ਵਲੋਂ ਸਾਂਝੇ ਤੌਰ 'ਤੇ 'ਸਯੁੰਕਤ ਕਿਸਾਨ ਮੋਰਚਾ' ਦੇ ਨਾਮ ਹੇਠ ਇਕ ਸਾਲ ਤੋਂ ਸ਼ਾਤਮਈ ਸ਼ੰਘਰਸ ਚਲਾਇਆ ਜਾ ਰਿਹਾ ਸੀ । ਦੇਸ਼ ਦੀ ਰਾਜਧਾਨੀ ਦਿਲੀ ਨੂੰ ਜਾਂਦੇ ਹਾਈਵੇ ਰਸਤਿਆਂ ਦੇ ਬਾਰਡਰਾਂ 'ਤੇ ਚਲ ਰਹੇ ਸ਼ੰਘਰਸ ਨੂੰ ਸਾਲ ਬਾਅਦ ਬੂਰ ਪਿਆ ਭਾਵ ਕਿਸਾਨਾਂ ਦੀਆਂ ਜਾਇਜ ਮੰਗਾਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੂੰ ਮੰਨਣੀਆਂ ਪਾਈਆਂ । ਕਿਸਾਨੀ ਨਾਲ ਸੰਬੰਧਤ ਤਿੰਨ ਕਾਲੇ ਕਾਨੂੰਨਾਂ ਨੂੰ ਸਰਕਾਰ ਨੇ ਲੋਕ ਸਭਾ ਤੇ ਰਾਜ ਸਭਾ ਵਿਚ ਰੱਦ ਕਰ ਦਿਤਾ ਹੈ । ਪ੍ਰੋ: ਬਾਬਾ ਰੰਧਾਵਾ ਨੇ ਕਿਸਾਨ ਜਥੇਬੰਦੀਆਂ ਦਾ ਸਹਿਯੋਗ ਦੇਣ ਲਈ ਦੇਸ਼ ਦੀ ਜਨਤਾ, ਧਾਰਮਿਕ ਸੰਪਰਦਾਵਾਂ, ਰਾਜਨੀਤਕ ਪਾਰਟੀਆਂ, ਵਿਦੇਸ਼ੀ ਸਮਾਜ ਸੇਵੀ ਸੰਸਥਾਵਾਂ, ਕਲਾਕਾਰਾਂ ਅਤੇ ਹਰ ਖੇਤਰ ਦੇ ਲੋਕਾਂ ਆਦਿ ਦਾ ਦਿਲੋਂ ਧੰਨਵਾਦ ਕੀਤਾ । ਯਾਦ ਰਹੇ ਕਿ ਪ੍ਰੋਫੈਸਰ ਬਾਬਾ ਰੰਧਾਵਾ ਵੀ ਮੋਰਚਾ ਸ਼ੁਰੂ ਹੋਣ ਤੋਂ ਲੈ ਕੇ ਹੁਣ ਤਕ ਰੋਜਾਨਾ ਦਿਨੇ ਅਤੇ ਸ਼ਾਮ ਨੂੰ ਬਾਣੀਆਂ ਦੇ ਨਿਤਨੇਮ ਕਰਨ ਤੋਂ ਬਾਅਦ ਕੀਤੀ ਜਾਂਦੀ ਅਰਦਾਸ 'ਚ ਕਿਸਾਨਾਂ ਦੇ ਸ਼ੰਘਰਸ ਦੀ ਜਿੱਤ ਲਈ ਅਰਦਾਸ ਕਰਦੇ ਆ ਰਹੇ ਹਨ ।

## ਬੀ.ਸੀ. ਦੀ ਮੰਤਰੀ ਨੂੰ ਲੈਜਿਸਲੇਚਰ ਬਿਲਡਿੰਗ ਦੇ ਬਾਹਰ ਧੱਕਾ ਮਾਰ ਕੇ ਸੁੱਟਿਆ-ਪੁਲਿਸ ਵਲੋਂ ਮਾਮਲੇ ਦੀ ਜਾਂਚ

ਵਿਕਟੋਰੀਆ-ਮੰਗਲਵਾਰ ਰਾਤ ਨੂੰ ਵਿਕਟੋਰੀਆ ਵਿਚ ਲੈਜਿਸਲੇਚਰ ਤੋਂ ਘਰ ਵਾਪਸ ਜਾ ਰਹੀ ਬੀਸੀ ਦੀ ਕੈਬਨਿਟ ਮੰਤਰੀ ਨੂੰ ਧੱਕਾ ਦੇ ਕੇ ਸੁੱਟਣ ਦੀ ਪੁਲਿਸ ਜਾਂਚ ਕਰ ਰਹੀ ਹੈ। ਪ੍ਰੀਮੀਅਰ ਜੌਹਨ ਹੌਰਗਨ ਦੇ ਦਫ਼ਤਰ ਨੇ ਇਕ ਬਿਆਨ ਵਿਚ ਦੱਸਿਆ ਕਿ ਕੂਟਨੀ ਵੈਸਟ ਤੋਂ ਐਮਐਲਏ ਅਤੇ ਜੰਗਲਾਤ, ਭੂਮੀ, ਕੁਦਰਤੀ ਵਸੀਲਿਆਂ ਦੇ ਸੰਚਾਲਨ ਤੇ ਪੇਂਡੂ ਵਿਕਾਸ ਬਾਰੇ ਮੰਤਰੀ ਕੈਟਰੀਨ ਕੋਨਰੋਏ ਨੂੰ ਹੇਠਾਂ ਸੁੱਟ ਦਿੱਤਾ ਸੀ ਜਿਸ ਨਾਲ ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਵਿਕਟੋਰੀਆ ਪੁਲਿਸ ਵਿਭਾਗ ਨੇ ਇਕ ਬਿਆਨ ਵਿਚ ਦੱਸਿਆ ਕਿ ਉਸ ਨੂੰ ਘਟਨਾ ਬਾਰੇ ਬੁੱਧਵਾਰ ਜਾਣਕਾਰੀ ਦਿੱਤੀ ਗਈ ਅਤੇ ਜਾਂਚ ਅਜੇ ਮੁੱਢਲੇ ਪੜਾਅ ਵਿਚ ਹੈ। ਪੁਲਿਸ ਦਾ ਮੰਨਣਾ ਕਿ ਘਟਨਾ ਪਿੱਛੋਂ ਕੋਨਰੋਏ ਦੀ ਮਦਦ ਲਈ ਕੋਈ ਭਲਾ ਪੁਰਸ਼ ਰੁਕਿਆ ਹੋ ਸਕਦਾ ਹੈ। ਉਹ ਉਸ ਵਿਅਕਤੀ ੱਤੇ ਹੋਰ ਵੀ ਕੋਈ ਵਿਅਕਤੀ ਜਿਸ ਨੇ ਕਥਿਤ ਹਮਲੇ ਨੂੰ ਦੇਖਿਆ ਹੋਵੇ ਜਾਂ ਇਸ ਬਾਰੇ ਜਾਣਕਾਰੀ ਹੋਵੇ ਤਾਂ ਉਨ੍ਹਾਂ ਨਾਲ ਸੰਪਰਕ ਕਰੇ। ਨਾ ਹੀ ਪ੍ਰੀਮੀਅਰ ਦੇ ਦਫ਼ਤਰ ਤੇ ਨਾ ਹੀ ਵਿਕਟੋਰੀਆ ਪੁਲਿਸ ਵਿਭਾਗ ਨੇ ਹਮਲੇ ਦੀ ਪ੍ਰਕਿਰਤੀ ਬਾਰੇ ਜਾਣਕਾਰੀ ਦਿੱਤੀ ਹੈ।

# ਸੂਬਾ ਦਰ ਸੂਬਾ ਕਰ ਰਿਹਾ ਹੈ ਨਿਯਮਾਂ ਤੇ ਛੋਟਾਂ 'ਤੇ ਵਿਚਾਰ

ਸਫ਼ਾ 1 ਦੀ ਬਾਕੀ

ਮਾਸਕ ਪਹਿਨਣ ਦੀ ਲੋੜ ਨਹੀਂ। ਉਹ ਵਿਅਕਤੀ ਜਿਨ੍ਹਾਂ ਨੂੰ ਕੋਈ ਬਿਮਾਰੀ ਹੈ ਜਾਂ ਸਰੀਰਕ ਜਾਂ ਮਾਨਸਿਕ ਤੌਰ 'ਤੇ ਕਮਜ਼ੋਰ ਹਨ ਨੂੰ ਵੀ ਮਾਸਕ ਪਹਿਨਣ ਤੋਂ ਛੋਟ ਹੈ। ਸੂਬੇ ਮੁਤਾਬਿਕ ਕਿਸੇ ਦੀ ਮਦਦ ਤੋਂ ਬਿਨ੍ਹਾਂ ਫੇਸ ਮਾਸਕ ਨਹੀਂ ਪਾ ਸਕਣ ਵਾਲਿਆਂ ਨੂੰ ਫੇਸ ਮਾਸਕ ਤੋਂ ਛੋਟ ਹੋਵੇਗੀ। ਸੂਬਾ ਇਹ ਵੀ ਸਪਸ਼ਟ ਕਰਦਾ ਹੈ ਕਿ ਜੇਕਰ ਮਾਸਕ ਤੁਹਾਨੂੰ ਸੁਣਨ ਦੀ ਘੱਟ ਤਾਕਤ ਵਾਲੇ ਨਾਲ ਗੱਲ ਕਰਨ ਤੋਂ ਰੋਕਦਾ ਹੈ ਤਾਂ ਤੁਹਾਨੂੰ ਵੀ ਫੇਸ ਮਾਸਕ ਤੋਂ ਛੋਟ ਹੋਵੇਗੀ।

### ਓਨਟਾਰੀਓ

ਓਨਟਾਰੀਓ ਵਿਚ ਦੋ ਸਾਲ ਅਤੇ ਛੋਟੇ ਬੱਚਿਆਂ ਨੂੰ ਮਾਸਕ ਪਹਿਨਣ ਦੀ ਲੋੜ ਨਹੀਂ। ਸੂਬੇ ਦੀ ਵੈੱਬਸਾਈਟ ਮੁਤਾਬਿਕ ਵਿਅਕਤੀ ਜਿਨ੍ਹਾਂ ਨੂੰ ਕੋਈ ਗੰਭੀਰ ਬਿਮਾਰੀ ਹੈ ਜਿਹੜੀ ਤੁਹਾਡੀ ਚਿਹਰੇ ਨੂੰ ਢੱਕਣ ਦੀ ਸਮਰਥਾ ਨੂੰ ਰੋਕਦੀ ਹੈ ਨੂੰ ਵੀ ਛੋਟ ਹਾਸਲ ਹੈ। ਜਿਹੜੇ ਵਿਅਕਤੀ ਕਿਸੇ ਦੂਸਰੇ ਦੀ ਮਦਦ ਤੋਂ ਬਿਨ੍ਹਾਂ ਫੇਸ ਮਾਸਕ ਪਹਿਨ ਜਾਂ ਉਤਾਰ ਨਹੀਂ ਸਕਦੇ ਉਨ੍ਹਾਂ ਨੂੰ ਮਾਸਕ ਪਹਿਨਣ ਤੋਂ ਛੋਟ ਹੋਵੇਗੀ।






# ਵੈਨਕੂਵਰ ਵਿਚਾਰ ਮੰਚ ਵੱਲੋਂ ਕਿਸਾਨੀ ਸੰਘਰਸ਼ ਦੇ ਚੰਗੇ ਪਹਿਲੂਆਂ ਅਤੇ ਭਵਿੱਖੀ ਪ੍ਰਭਾਵਾਂ ਬਾਰੇ ਚਰਚਾ




ਸਰੀ, (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਦੀ ਮੀਟਿੰਗ ਜਰਨੈਲ ਆਰਟਸ ਗੈਲਰੀ, ਸਰੀ ਵਿਖੇ ਹੋਈ ਜਿਸ ਵਿਚ ਭਾਰਤੀ ਕਿਸਾਨ ਅੰਦੋਲਨ ਦੀ ਜਿੱਤ ਉਪਰ ਖੁਸ਼ੀ ਪ੍ਰਗਟ ਕਰਦਿਆਂ ਇਸ ਸੰਘਰਸ਼ ਦੌਰਾਨ ਉੱਭਰਕੇ ਆਏ ਚੰਗੇ ਪਹਿਲੂਆਂ ਅਤੇ ਇਸ ਅੰਦੋਲਨ ਦੇ ਭਵਿੱਖੀ ਪ੍ਰਭਾਵਾਂ ਬਾਰੇ ਚਰਚਾ ਕੀਤੀ ਗਈ। ਵਿਚਾਰ ਚਰਚਾ ਦੇ ਆਗਾਜ਼ ਵਿਚ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਸਾਹਿਤਕਾਰ ਗੁਰਦੇਵ ਰੁਪਾਣਾ ਅਤੇ ਪ੍ਰੋ। ਗੁਰਨਾਮ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਗੁਰਦੇਵ ਰੁਪਾਣਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਜਸਵਿੰਦਰ ਗਜ਼ਲਗੋ ਨੇ ਪ੍ਰੋ। ਗੁਰਨਾਮ ਸਿੰਘ ਨਾਲ ਆਪਣੀਆਂ ਮੁਲਾਕਾਤਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ। ਕਿਸਾਨੀ ਸੰਘਰਸ਼ ਬਾਰੇ ਬੋਲਦਿਆਂ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਇਸ ਅੰਦੋਲਨ ਨੇ ਵਿਸ਼ਵ ਪੱਧਰ ਤੇ ਭਾਰਤੀ ਕਿਸਾਨਾਂ ਅਤੇ ਵਿਸ਼ੇਸ਼ ਕਰਕੇ ਪੰਜਾਬੀ ਕਿਸਾਨਾਂ ਦੀ ਪਹਿਚਾਣ ਬਣਾਈ ਹੈ ਅਤੇ ਇਸ ਸੰਘਰਸ਼ ਨੇ ਲੋਕ ਆਵਾਜ਼ ਬੁਲੰਦ ਕਰਨ ਵਾਲੀਆਂ ਜਥੇਬੰਦੀਆਂ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਸ਼ਾਇਰ ਜਸਵਿੰਦਰ ਨੇ ਕਿਹਾ ਕਿ ਇਸ ਸੰਘਰਸ਼ ਨੇ ਖੱਬੀ ਪੱਖੀਆਂ ਅਤੇ ਧਾਰਮਿਕ ਵਿਸ਼ਵਾਸ ਵਾਲੇ ਲੋਕਾਂ ਨੂੰ ਇਕ ਦੂਜੇ ਨੂੰ ਸਮਝਣ ਅਤੇ ਇਕ ਦੂਜੇ ਨੇੜੇ ਲਿਆਉਣ ਦਾ ਅਹਿਮ ਕਾਰਜ ਕੀਤਾ ਹੈ, ਪੰਜਾਬ ਅਤੇ ਹਰਿਆਣਾ ਦੇ ਲੋਕਾਂ ਵਿਚਲੀ ਆਪਸੀ ਕੁੜੱਤਣ ਖਤਮ ਕੀਤੀ ਹੈ। ਅੰਗਰੇਜ਼ ਬਰਾੜ ਨੇ ਕਿਹਾ ਕਿ ਇਸ ਸੰਘਰਸ਼ ਨੇ ਪੰਜਾਬੀਆਂ ਦੀ ਗੁਆਚੀ ਸ਼ਾਨ ਨੂੰ ਦੁਨੀਆਂ ਭਰ ਵਿਚ ਸਥਾਪਿਤ ਕਰਨ ਵਿਚ ਵੱਡਾ ਰੋਲ ਅਦਾ ਕੀਤਾ ਹੈ। ਨਵਦੀਪ ਗਿੱਲ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੀ ਸਫਲਤਾ ਦਾ ਸਭ ਤੋਂ ਅਹਿਮ ਪੱਖ ਇਹ ਸੀ ਕਿ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਖੁੱਸਣ ਦਾ ਡਰ ਸਾਹਮਣੇ ਦਿਸਣ ਲੱਗ ਪਿਆ ਸੀ ਅਤੇ ਫਿਰ ਕੁਝ ਕਰਨ ਜਾਂ ਮਰਨ ਤੋਂ ਇਲਾਵਾ ਕਿਸਾਨਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ। ਜਰਨੈਲ ਸਿੰਘ ਆਰਟਿਸਟ ਨੇ ਕਿਸਾਨ ਸੰਘਰਸ਼ ਦੀ ਅਗਵਾਈ ਕਰਨ ਵਾਲੇ ਸੂਝਵਾਨ ਆਗੂਆਂ ਦੀ ਸ਼ਲਾਘਾ ਕੀਤੀ ਜੋ ਬਾਹਰੀ ਤਾਕਤਾਂ ਵੱਲੋਂ ਚੱਲੀਆਂ ਅਨੇਕਾਂ ਚਾਲਾਂ ਅਤੇ ਦਬਾਅ ਦੇ ਬਾਵਜੂਦ ਆਪਣੇ ਨਿਸ਼ਾਨੇ ਤੋਂ ਨਹੀਂ ਥਿੜਕੇ। ਹਰਦਮ ਸਿੰਘ ਨੇ ਕਿਹਾ ਕਿ ਇਸ ਸੰਘਰਸ਼ ਦਾ ਪ੍ਰਭਾਵ ਪੰਜਾਬ ਅਤੇ ਵਿਦੇਸ਼ਾਂ ਵਿਚ ਪ੍ਰਬਲ ਸੀ ਅਤੇ ਹਰ ਪੰਜਾਬੀ ਇਸ ਸੰਘਰਸ਼ ਵਿਚ ਸ਼ਾਮਲ ਹੋਣਾ ਕਿਸੇ ਤੀਰਥ ਸਥਾਨ ਦੀ ਯਾਤਰਾ ਦੇ ਬਰਾਬਰ ਸਮਝਦਾ ਸੀ। ਪਰਮਜੀਤ ਸਿੰਘ ਸੇਖੋਂ ਨੇ ਇਸ ਸੰਘਰਸ਼ ਵਿਚ ਔਰਤਾਂ ਵੱਲੋਂ ਪਾਏ ਯੋਗਦਾਨ ਦੀ ਭਰਵੀਂ ਸ਼ਲਾਘਾ ਕੀਤੀ। ਵਿਚਾਰ ਚਰਚਾ ਦੇ ਸੰਚਾਲਕ ਮੋਹਨ ਗਿੱਲ ਨੇ ਇਸ ਸੰਘਰਸ਼ ਵਿਚ ਆਪਣੀਆਂ ਲਿਖਤਾਂ ਰਾਹੀਂ ਯੋਗਦਾਨ ਪਾਉਣ ਵਾਲੇ ਲੇਖਕਾਂ ਨੂੰ ਡਰਾਉਣ, ਧਮਕਾਉਣ ਦੇ ਹੱਥਕੰਡਿਆਂ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਬੇਸ਼ੱਕ ਇਹ ਸੰਘਰਸ਼ ਦਾ ਮੌਜੂਦਾ ਰਾਜਨੀਤੀ ਉਪਰ ਕੋਈ ਫੌਰੀ ਪ੍ਰਭਾਵ ਨਾ ਨਜ਼ਰ ਆਵੇ ਪਰ ਨਿਰਸੰਦੇਹ ਆਉਣ ਵਾਲੇ ਸਮੇਂ ਵਿਚ ਇਹ ਸੰਘਰਸ਼ ਰਾਜਨੀਤਕ ਲੀਡਰਾਂ ਨੂੰ ਲੋਕਾਂ ਪ੍ਰਤੀ ਆਪਣਾ ਨਜ਼ਰੀਆ ਬਦਲਣ ਲਈ ਮਜ਼ਬੂਰ ਕਰੇਗਾ। ਮੀਟਿੰਗ ਦੇ ਅੰਤ ਵਿਚ ਅੰਗਰੇਜ਼ ਬਰਾੜ ਵੱਲੋਂ ਆਪਣੇ ਪੁੱਤਰ ਦੇ ਸ਼ਗਨ ਦੀ ਖੁਸ਼ੀ ਵਿਚ ਖਾਣੇ ਦਾ ਪ੍ਰਬੰਧ ਕੀਤਾ ਗਿਆ ਅਤੇ ਸਭਨਾਂ ਦੋਸਤਾਂ ਨੇ ਅੰਗਰੇਜ਼ ਬਰਾੜ ਨੂੰ ਮੁਬਾਰਕਬਾਦ ਦਿੱਤੀ।

## ਟਵਾਸਨ ਦੀ ਲਾਪਤਾ ਲੜਕੀ ਦੀ ਲਾਸ਼ ਮਿਲੀ

ਸਰੀ-17 ਸਾਲਾ ਮਾਇਕੇ ਬਲੌਮ ਦੀ ਟਵਾਸਨ ਫਸਟ ਨੇਸ਼ਨ ਲੈਂਡ 'ਤੇ ਇਕ ਘਰ ਵਿਚੋਂ 7 ਦਸੰਬਰ ਨੂੰ ਲਾਸ਼ ਮਿਲੀ ਸੀ। ਮਾਇਕੇ ਬਲੌਮ ਦੇ ਲਾਪਤਾ ਹੋਣ ਦੀ ਰਿਪੋਰਟ 3 ਦਸੰਬਰ ਨੂੰ ਡੈਲਟਾ ਪੁਲਿਸ ਨੂੰ ਸ਼ਾਮ ਨੂੰ ਦਿੱਤੀ ਸੀ ਅਤੇ ਉਸ ਨੂੰ ਆਖਰੀ ਵਾਰ ਪਰਿਵਾਰਕ ਮੈਂਬਰਾਂ ਨੇ 3 ਦਸੰਬਰ ਨੂੰ ਦੇਖਿਆ ਸੀ। ਮੌਜੂਦਾ ਸਮੇਂ ਪੁਲਿਸ ਉਸ ਦੀ ਮੌਤ ਨਾਲ ਜੁੜੇ ਹਾਲਾਤ ਦੀ ਜਾਂਚ ਕਰ ਰਹੀ ਹੈ।

## ਸਰੀ ਕੌਂਸਲ ਨੇ ਕੂੜਾ ਇਕੱਤਰ ਕਰਨ ਦੇ ਠੇਕੇ ਨੂੰ ਦਿੱਤੀ ਮਨਜ਼ੂਰੀ

ਸਰੀ-ਕੌਂਸਲ ਨੇ ਰਿਹਾਇਸ਼ੀ ਕੂੜਾ ਇਕੱਤਰ ਕਰਨ ਲਈ ਜੀਐਫਐਲ ਇਨਵਾਇਰਨਮੈਂਟਲ ਇੰਕ ਨੂੰ 7 ਸਾਲ ਦਾ ਠੇਕਾ ਦਿੱਤਾ ਹੈ। ਸਰੀ ਸਿਟੀ ਕੌਂਸਲ ਵਲੋਂ ਸੋਮਵਾਰ ਰਾਤ ਰਿਹਾਇਸ਼ੀ ਕੂੜਾ ਇਕੱਤਰ ਕਰਨ ਲਈ ਜੀਐਫਐਲ ਇਨਵਾਇਰਨਮੈਂਟਲ ਇੰਕ ਨੂੰ 7 ਸਾਲ ਦਾ ਦਿੱਤਾ ਠੇਕਾ ਇਕ ਅਪ੍ਰੈਲ 2023 ਤੋਂ ਸ਼ੁਰੂ ਹੋਵੇਗਾ। ਕੌਂਸਲ ਨੇ ਸਰੀ ਸ਼ਹਿਰ ਲਈ ਤਿੰਨ ਹੋਰ ਵਾਧੂ ਠੇਕਿਆਂ ਨੂੰ ਇਕਤਰਫਾ ਵਧਾਉਣ ਦੇ ਵਿਕਲਪ ਨੂੰ ਵੀ ਪ੍ਰਵਾਨਗੀ ਦਿੱਤੀ ਹੈ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca


PUNJAB LINK
ਪੰਜਾਬ ਲਿੰਕ
ਸਨਿਚਰਵਾਰ, 11 ਦਸੰਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.

#105-7928 128th St., Surrey, BC, V3W 4E8
info@amrikcheema.com

# ਪਾਰਲੀਮੈਂਟ 'ਚ ਰਾਹੁਲ ਨੇ ਸਰਕਾਰ ਨੂੰ ਮਾਰੇ ਗਏ ਕਿਸਾਨਾਂ ਦੀ ਸੂਚੀ ਦਿੱਤੀ

ਨਵੀਂ ਦਿੱਲੀ-ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੇਸ਼ ਵਿੱਚ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਵਿੱਚ ਜਾਨ ਗੁਆਉਣ ਵਾਲੇ ਕਿਸਾਨਾਂ ਦੀ ਸੂਚੀ ਲੋਕ ਸਭਾ ਵਿੱਚ ਪੇਸ਼ ਕੀਤੀ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਹਰਿਆਣਾ ਤੇ ਪੰਜਾਬ ਦੇ ਸ਼ਹੀਦ ਕਿਸਾਨਾਂ ਦੇ ਪਰਵਾਰਕ ਮੈਂਬਰਾਂ ਨੂੰ ਮੁਆਵਜ਼ਾ ਤੇ ਨੌਕਰੀ ਦਿੱਤੀ ਜਾਵੇ। ਲੋਕ ਸਭਾ ਵਿੱਚ ਸਿਫਰ ਕਾਲ ਸ਼ੁਰੂ ਹੁੰਦੇ ਹੀ ਸਪੀਕਰ ?ਮ ਬਿਰਲਾ ਨੇ ਰਾਹੁਲ ਦਾ ਨਾਂ ਲਿਆ ਰ਼ਾਹੁਲ ਗਾਂਧੀ ਨੇ ਕਿਹਾ ਕਿਦੇਸ਼ ਜਾਣਦਾ ਹੈ ਕਿ ਕਿਸਾਨ ਅੰਦੋਲਨ ਵਿੱਚ ਕਰੀਬ 700 ਕਿਸਾਨਾਂ ਨੇ ਸ਼ਹਾਦਤ ਦਿੱਤੀ ਹੈ। ਪ੍ਰਧਾਨ ਮੰਤਰੀ ਜੀ ਨੇ ਖ਼ੁਦ ਦੇਸ਼ ਦੇ ਕਿਸਾਨਾਂ ਤੋਂ ਮੁਆਫੀ ਮੰਗੀ ਤੇ ਆਪਣੀ ਗਲਤੀ ਸਵੀਕਾਰ ਕੀਤੀ ਹੈ। ਕਾਂਗਰਸ ਨੇਤਾ ਨੇ ਕਿਹਾ ਕਿ ਬੀਤੀ 30 ਨਵੰਬਰ ਨੂੰ ਖੇਤੀਬਾੜੀ ਮੰਤਰੀ ਤੋਂ ਜਦੋਂ ਪੁੱਛਿਆ ਗਿਆ ਕਿ ਕਿਸਾਨ ਅੰਦੋਲਨ ਵਿੱਚ ਕਿੰਨੀਆਂ ਮੌਤਾਂ ਹੋਈਆਂ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਅੰਕੜਾ ਨਹੀਂ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਉਹ ਇਹ ਸੂਚੀ ਲੈ ਕੇ ਆਏ ਹਨ ਅਤੇ ਇਸ ਨੂੰ ਸਦਨ ਦੇ ਟੇਬਲ ਉੱਤੇ ਰੱਖਣਾ ਚਾਹੁੰਦੇ ਹਨ। ਪੰਜਾਬ ਸਰਕਾਰ ਨੇ ਅਜਿਹੇ 400 ਕਿਸਾਨਾਂ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਅਤੇ 152 ਨੂੰ ਨੌਕਰੀ ਦਿੱਤੀ ਹੈ। ਇੱਕ ਸੂਚੀ ਹਰਿਆਣਾ ਦੇ 70 ਕਿਸਾਨਾਂ ਦੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਜੀ ਨੇ ਮੁਆਫੀ ਮੰਗੀ ਹੈ ਤੇ ਕਿੰਨੇ ਸ਼ਹੀਦ ਹੋਏ ਹਨ, ਇਹ ਉਨ੍ਹਾਂ ਨੂੰ ਪਤਾ ਨਹੀਂ। ਇਹ ਨਾਂ ਸਾਡੇ ਕੋਲ ਹਨ। ਮੈਂ ਚਾਹੁੰਦਾ ਹਾਂ ਕਿ ਜੋ ਹੱਕ ਇਨ੍ਹਾਂ ਦਾ ਬਣਦਾ ਹੈ, ਉਹ ਮਿਲਣਾ ਚਾਹੀਦਾ ਹੈ। ਇਨ੍ਹਾਂ ਕਿਸਾਨਾਂ ਦੇ ਪਰਵਾਰਾਂ ਨੂੰ ਮੁਆਵਜ਼ਾਂ ਅਤੇ ਨੌਕਰੀ ਮਿਲਣੀ ਚਾਹੀਦੀ ਹੈ। ਰਾਹੁਲ ਗਾਂਧੀ ਇੰਨਾ ਕਹਿ ਕੇ ਬੈਠ ਗਏ।






# ਕਲਾਸ ਦੇ ਸਾਹਮਣੇ ਟੀਚਰ ਉੱਤੇ ਵਿਦਿਆਰਥੀ ਨੇ ਕੀਤਾ ਹਮਲਾ

ਮਾਂਟਰੀਅਲ-ਮਾਂਟਰੀਅਲ ਹਾਈ ਸਕੂਲ ਦੇ ਇੱਕ ਟੀਚਰ ਨੂੰ ਪੂਰੀ ਕਲਾਸ ਦੇ ਸਾਹਮਣੇ ਇੱਕ ਵਿਦਿਆਰਥੀ ਵੱਲੋਂ ਚਾਕੂ ਮਾਰ ਦਿੱਤਾ ਗਿਆ। ਸਕੂਲ ਬੋਰਡ ਨੇ ਦੱਸਿਆ ਕਿ ਹਮਲਾ ਕਰਨ ਵਾਲਾ ਵਿਅਕਤੀ ਕਲਾਸ ਵਿੱਚ ਆਇਆ ਤੇ ਉਸ ਨੇ ਆਉਂਦੇ ਸਾਰ ਉਸ ਟੀਚਰ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਪਿੱਛੇ ਕੀ ਕਾਰਨ ਸਨ ਇਹ ਅਜੇ ਤੱਕ ਸਮਝ ਨਹੀਂ ਆਇਆ। ਮਾਂਟਰੀਅਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟੀਚਰ ਦੀ ਉਮਰ 40 ਸਾਲ ਦੇ ਨੇੜੇ ਤੇੜੇ ਹੈ ਤੇ ਉਸ ਦੇ ਧੜ ਦੇ ਉੱਪਰੀ ਹਿੱਸੇ ਵਿੱਚ ਚਾਕੂ ਨਾਲ ਤਿੱਖਾ ਕੱਟ ਲੱਗਿਆ। ਉਸ ਦੇ ਇੱਕ ਪਾਸੇ ਕੱਟ ਲੱਗਿਆ ਤੇ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਉਸ ਦੀ ਜਾਨ ਨੂੰ ਕੋਈ ਖਤਰਾ ਨਹੀਂ ਦੱਸਿਆ ਜਾ ਰਿਹਾ। ਪੁਲਿਸ ਦੇ ਬੁਲਾਰੇ ਜੀਨ ਪਿਏਰੇ ਬ੍ਰੈਬੰਟ ਇਹ ਨਹੀਂ ਦੱਸ ਪਾਏ ਕਿ ਹਮਲੇ ਦੌਰਾਨ ਕਿਹੋ ਜਿਹੇ ਹਥਿਆਰ ਦੀ ਵਰਤੋਂ ਕੀਤੀ ਗਈ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ ਇਹ ਚਾਕੂ ਹੋਵੇ ਤੇ ਉਨ੍ਹਾਂ ਦੱਸਿਆ ਕਿ ਹਥਿਆਰ ਮੌਕੇ ਤੋਂ ਬਰਾਮਦ ਹੋ ਗਿਆ। ਇਹ ਘਟਨਾ ਸੇਂਟ ਮਾਈਕਲ ਮੈਟਰੋ ਸਟੇਸ਼ਨ ਨੇੜੇ ਜੌਹਨ ਐਫ ਕੈਨੇਡੀ ਹਾਈ ਸਕੂਲ ਵਿੱਚ ਸਵੇਰੇ 10:10 ਉੱਤੇ ਵਾਪਰੀ। ਇਸ ਤੋਂ ਤੁਰੰਤ ਬਾਅਦ ਸਵੌਟ ਟੀਮ ਮੌਕੇ ਉੱਤੇ ਪਹੁੰਚੀ ਤੇ 11:00 ਵਜੇ ਦੇ ਨੇੜੇ ਤੇੜੇ 16 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਲਿਆ।ਬ੍ਰੈਬੰਟ ਨੇ ਆਖਿਆ ਕਿ ਉਸ ਟੀਚਰ ਤੇ ਲੜਕੇ ਵਿੱਚ ਬਹਿਸ ਵੀ ਹੋਈ। ਉਨ੍ਹਾਂ ਦੱਸਿਆ ਕਿ ਉਸ ਲੜਕੇ ਦੇ ਸਕੂਲ ਵਿੱਚ ਹੀ ਮੌਜੂਦ ਰਹਿਣ ਬਾਰੇ ਜਿਵੇਂ ਹੀ ਪੁਲਿਸ ਨੂੰ ਪਤਾ ਲੱਗਿਆ ਉਨ੍ਹਾਂ ਨੇ ਸਕੂਲ ਨੂੰ ਲਾਕਡਾਊਨ ਲਾ ਦਿੱਤਾ। ਸਾਰੇ ਟੀਚਰਜ਼ ਤੇ ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਵਿੱਚ ਹੀ ਰਹਿਣ ਲਈ ਵੀ ਆਖਿਆ ਗਿਆ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

14317 31A AVENUE




$4,488,000

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



CEDRIC HUGHES
LAWYER
Over 20 years serving the community




★★★★★
4.9 STAR
Google
REVIEW !

Link!
hughesco.com
*for reviews*

**604.602.1828**

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***


Ph: 604-592-9999
Grand Opening
Of
SIRKA
Gourmet Takeout
"our passion of nurturing authentic yet divine meal is a pledge"
We Have Large Variety of:
• Home-Made Pickles & Chutneys.
• Salads
NOW OPEN For Lunch
Specialities
• Sabudana Popcorn
• Shrimp Koliwada
• Amritsari Fish n Chips
• Muradabadi Moong Dal Seekh
• Masala Papad/Masala Peanut
• Malabari Crispy Aloo
• Lasooni Murg Tikka
• Tandoori Kukkad
• Malai Broccoli
• Keema Mutton Makhni
• Raan di Khurchan
• Traditional Paneer Makhni
• 36 Hour Daal Makhni
• Achaari Brinjal
• Veg/Chicken/Comb/Lamb Biryani
Lunch Special
• Sirka Fried Chicken
• Keema Burger
• Hoshiarpur wale meat chawal
• Chat-Pate chole kulche (Stuffed)
• Ambale wale Paneer Sandwich
Any kind of Pizza
• Cheese Pizza
• Veg. Pizza
• Butter Chicken Pizza
India Wali Coffee
Haldi Dudh
Kada Dudh
Falooda Badam Shake
Mango Lassi
7182 Unit-A 120st Surrey BC V3W 3M8
www.sirkatakeout.com
"ASK FOR OUR SPECIAL SET MENU FOR A GROUP OR ANY PARTY"

# ਜੋ ਕਿਸਾਨ ਨੇਤਾ ਰਾਜਨੀਤੀ ਵਿੱਚ ਜਾਣਾ ਚਾਹੁੰਦੇ ਹਨ, ਸੰਯੁਕਤ ਕਿਸਾਨ ਮੋਰਚਾ ਛੱਡ ਦੇਣ-ਦਰਸ਼ਨ ਪਾਲ

ਨਵੀਂ ਦਿੱਲੀ-ਵੱਖ-ਵੱਖ ਕਿਸਾਨ ਜਥੇਬੰਦੀਆਂ ਦਾ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਕਿਸਾਨਾਂ ਦੇ ਇਸ ਲੰਮੇ ਸੰਘਰਸ਼ ਦੀ ਜਿੱਤ ਪਿੱਛੋਂ ਇਸ ਸੰਗਠਨ ਨੂੰ ਰਾਸ਼ਟਰੀ ਪੱਧਰ ਦੇ ਮੋਰਚੇ ਵਜੋਂ ਪੇਸ਼ ਕਰਨ ਦੀ ਤਿਆਰੀ ਕਰੇਗਾ ਅਤੇ ਜਿਹੜੇ ਕਿਸਾਨ ਨੇਤਾ ਰਾਜਨੀਤੀ ਵਿੱਚ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਸੰਗਠਨ ਛੱਡ ਦੇਣਾ ਚਾਹੀਦਾ ਹੈ। ਇਹ ਗੱਲਐੱਸ ਕੇ ਐੱਮ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਪ੍ਰਮੁੱਖ ਕਿਸਾਨ ਆਗੂ ਦਰਸ਼ਨ ਪਾਲ ਨੇ ਕਹੀ ਹੈ।ਉਨ੍ਹਾਂ ਨੇ ਕਿਹਾ ਕਿ ਐੱਸ ਕੇ ਐੱਮ ਨੂੰ ਗੈਰ ਰਾਜਨੀਤਕ ਹੀ ਰਹਿਣਾ ਚਾਹੀਦਾ ਹੈ। ਦਰਸ਼ਨ ਪਾਲ ਦੀ ਟਿੱਪਣੀ ਐੱਸ ਕੇ ਐੱਮਵੱਲੋਂਕੇਂਦਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਦੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੇ ਅੰਦੋਲਨ ਨੂੰ ਸਸਪੈਂਡ ਕਰਨ ਦੇ ਫੈਸਲੇ ਤੋਂ ਬਾਅਦ ਆਈ ਹੈ। ਸੰਗਠਨ ਨੇ ਅਗਲੇ ਸਾਲ 15 ਜਨਵਰੀ ਨੂੰ ਇੱਕ ਬੈਠਕ ਰੱਖੀ ਹੈ, ਜਿਸ ਵਿੱਚਘੋਖ ਹੋਵੇਗੀ ਕਿ ਕੀ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ ਹੈ ਜਾਂ ਨਹੀਂ।ਦਰਸ਼ਨ ਪਾਲ ਨੇ ਕਿਹਾ, "15 ਜਨਵਰੀ ਦੀ ਬੈਠਕ ਵਿੱਚ ਇਹ ਵੀ ਚਰਚਾ ਹੋਵੇਗੀ ਕਿ ਐੱਸ ਕੇ ਐੱਮ ਨੂੰ ਰਾਸ਼ਟਰੀ ਪੱਧਰ ਦੇ ਮੋਰਚੇ ਵਜੋਂ ਕਿਵੇਂ ਪੇਸ਼ ਕੀਤਾ ਜਾਵੇ। ਜੋ ਕਿਸਾਨ ਨੇਤਾ ਰਾਜਨੀਤੀ ਵਿੱਚ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਐੱਸ ਕੇ ਐੱਮਛੱਡ ਦੇਣਾ ਚਾਹੀਦਾ ਹੈ।ਐੱਸ ਕੇ ਐੱਮ ਗੈਰ ਰਾਜਨੀਤਕ ਰਹੇਗਾ। ਉਨ੍ਹਾਂ ਕਿਹਾ ਕਿ ਐੱਸ ਕੇ ਐੱਮ ਨੇ 19 ਨਵੰਬਰ ਨੂੰ 60 ਫ਼ੀਸਦੀ ਜਿੱਤ ਹਾਸਲ ਕੀਤੀ ਸੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀਬਾੜੀ ਕਾਨੂੰਨਰੱਦ ਕਰਨ ਦਾ ਐਲਾਨ ਕੀਤਾ ਸੀ ਤੇ ਵੀਰਵਾਰ ਨੂੰ 35 ਫ਼ੀਸਦੀ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਸੰਕੇਤ ਦਿੱਤਾ ਕਿ ਬਾਕੀ ਪੰਜ ਫ਼ੀਸਦੀ ਜਿੱਤ ਉਦੋਂ ਹੋਵੇਗੀ, ਜਦੋਂ ਸਾਰੀਆਂ ਮੰਗਾਂ ਮੰਨੀਆਂ ਜਾਣਗੀਆਂ।ਦਰਸ਼ਨ ਪਾਲ ਨੇ ਇਹ ਵੀ ਕਿਹਾ ਕਿ ਪੰਜਾਬ ਦੀ ਹਾਲਤ ਬਦਲਣ ਲਈ ਕਿਸਾਨਾਂ ਨੂੰ ਇੱਕਪ੍ਰੈੱਸ਼ਰ ਗਰੁੱਪ ਬਣਾਉਣਾ ਚਾਹੀਦਾ ਹੈ, ਰਾਜਨੀਤਕ ਦਲ ਨਹੀਂ।



# ਫੇਸਬੁੱਕ ਦੇ ਅੱਠ ਡਿਜਿਟ ਹੋਣ ਕਾਰਨ ਘੁਸਪੈਠ ਨਹੀਂ ਹੋ ਸਕੇਗੀ

ਕਾਨਪੁਰ-ਅੱਗੇ ਤੋਂ ਤੁਹਾਡੇ ਫੇਸਬੁੱਕ ਅਕਾਊਂਟ ਉੱਤੇ ਕੋਈ ਘੁਸਪੈਠ ਨਹੀਂ ਕਰ ਸਕੇਗਾ। ਅੱਠ ਡਿਜਿਟਸ ਦੇ ?ਟੀ ਪੀ ਨਾਲ ਸਾਈਬਰ ਠੱਗੀ ਉੱਤੇ ਰੋਕ ਲੱਗੇਗੀ, ਇਸ ਨਾਲ ਇੰਟਰਨੈਟ ਮੀਡੀਆ ਉੱਤੇ ਲੋਕਾਂ ਦੀ ਨਿੱਜਤਾ ਦਾ ਸੁਰੱਖਿਆ ਘੇਰਾ ਮਜ਼ਬੂਤ ਹੋਵੇਗਾ। ਇਹ ਸੰਭਵ ਹੋਇਆ ਹੈ, ਕਾਨਪੁਰ ਵਾਸੀ ਕਲਾਸ 11ਵੀਂ ਦੇ ਵਿਦਿਆਰਥੀ 17 ਸਾਲਾ ਅੰਸ਼ਰਾਜ ਸ੍ਰੀਵਾਸਤਵ ਦੀ ਲੱਭੀ ਗਈ ਸਾਈਬਰ ਤਕਨੀਕ ਨਾਲ। ਅੰਸ਼ਰਾਜ ਸ੍ਰੀਵਾਸਤਵ ਨੇ ਇੱਕ ਸਾਲ ਤਕ ਖੋਜ ਕਰ ਕੇ ਅੱਠ ਡਿਜਿਟਸ ਦੇ ਅਜਿਹੇ ਵਨ ਟਾਈਮ ਪਾਸਵਰਡ (?ਟੀਪੀ) ਦੀ ਤਕਨੀਕ ਲੱਭੀ, ਜਿਸ ਨੂੰ ਹੈਕਿੰਗ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਤੋੜਿਆ ਨਹੀਂ ਜਾ ਸਕਦਾ। ਫੇਸਬੁੱਕ ਅੱਗੇ ਤੋਂ ਆਪਣੇ ਯੂਜ਼ਰਸ ਨੂੰ ਛੇ ਨਹੀਂ, ਅੱਠ ਡਿਜਿਟਸ ਦਾ ਅਜਿਹਾ ਹੀ ?ਟੀ ਪੀ ਜਾਰੀ ਕਰ ਕੇ ਠੱਗਾਂ ਨੂੰ ਰੋਕੇਗਾ। ਇਸ ਬਾਰੇ ਅੰਸ਼ਰਾਜ ਨੇ ਕਿਹਾ ਕਿ ਕੋਰੋਨਾ ਕਾਲ ਦੌਰਾਨ ਜਦੋਂ ਪੂਰੀ ਦੁਨੀਆ ਦੇ ਲੋਕ ਘਰ ਵਿੱਚ ਰਹਿ ਕੇ ਤਣਾਅ 'ਚ ਜੀਅ ਰਹੇ ਸਨ ਤਾਂ ਉਸ ਨੇ ਫੇਸਬੁੱਕ ਯੂਜ਼ਰਸ ਦਾ ਅਕਾਊਂਟ ਸੁਰੱਖਿਅਤ ਰੱਖਣ ਬਾਰੇ ਖੋਜ ਕੀਤੀ। ਉਸ ਨੂੰ ਫੇਸਬੁੱਕ ਵੱਲੋਂ 15 ਲੱਖ ਰੁਪਏ ਦਾ ਇਨਾਮ ਅਤੇ ਈ-ਮੇਲ ਉੱਤੇ ਸਰਟੀਫਿਕੇਟ ਮਿਲਿਆ ਹੈ। ਅੰਸ਼ਰਾਜ, ਮੂਲ ਰੂਪ 'ਚ ਕਾਨਪੁਰ ਦਿਹਾਤ ਦੇ ਵਾਸੀ ਸੀਨੀਅਰ ਚਾਰਟਰਡ ਅਕਾਊਂਟੈਂਟ ਧਰਮਿੰਦਰ ਸ੍ਰੀਵਾਸਤਵ ਦਾ ਬੇਟਾ ਹੈ। ਫੇਸਬੁੱਕ ਵੱਲੋਂ ਭੇਜੇ ਗਏ ਇੱਕ ਈ-ਮੇਲ ਵਿੱਚ ਅੰਸ਼ਰਾਜ ਦਾ ਨਾਂਅ ਹਾਲ ਆਫ ਫੇਮ ਵਿੱਚ ਸ਼ਾਮਲ ਕਰਨ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਬਾਰੇ ਅੰਸ਼ਰਾਜ ਨੇ ਦੱਸਿਆ ਕਿ ਸਾਈਬਰ ਅਪਰਾਧੀਆਂ ਠੱਗਾਂ ਲਈ ਛੇ ਡਿਜਿਟ ਦਾ ਵਨ ਟਾਈਮ ਪਾਸਵਰਡ ਪਤਾ ਕਰਨ ਵਿੱਚ ਆਸਾਨੀ ਰਹਿੰਦੀ ਹੈ, ਕਿਉਂਕਿ ?ਟੀ ਪੀ ਛੇ ਡਿਜਿਟਸ ਦਾ ਸੀ, ਜਿਸ ਵਿੱਚ 0 ਤੋਂ ਨੌਂ ਤਕ ਇੱਕ ਕਰੋੜ ਨੰਬਰ ਜੁੜੇ ਸਨ ਤੇ ਇਸ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਉਸ ਤੋਂ ਵੱਧ ਸੀ।ਇਸ ਲਈ ਪਾਸਵਰਡ ਮੈਚ ਹੋਣ ਦਾ ਸ਼ੱਕ ਵੱਧ ਸੀ। ਉਨ੍ਹਾਂ ਕਿਹਾ ਕਿ ਜਦੋਂ ਪਾਸਵਰਡ ਦੇ ਡਿਜਿਟ ਵੱਧ ਹੋਣ ਤਾਂ ਉਨ੍ਹਾਂ ਨੂੰ ਡਿਕੋਟ ਕਰਨਾ ਮੁਸ਼ਕਲ ਹੁੰਦਾ ਹੈ। ?ਟੀ ਪੀ 15 ਡਿਜਿਟਸ ਤਕ ਵੀ ਕੀਤੇ ਜਾ ਸਕਦੇ ਸਨ, ਪਰ ਇਸ ਨਾਲ ਵਰਤਣ ਵਾਲਿਆਂ ਨੂੰ ਦਿੱਕਤ ਆਵੇਗੀ। ਅੰਸ਼ਰਾਜ ਦੇ ਮੁਤਾਬਕ ਨਵੰਬਰ 2020 ਤੋਂ ਅਕਤੂਬਰ 2021 ਤੱਕ ਫੇਸਬੁਕ ਦੇ ਸਕਿ?ਰਿਟੀ ਫੀਚਰ ਉੱਤੇ ਪਾਸਵਰਡ ਅਤੇ ?ਟੀ ਪੀ ਉੱਤੇ ਹੈਕਰ ਵਾਂਗ ਸੋਚ ਕੇ ਕੰਮ ਕੀਤਾ ਤਾ ਪਤਾ ਲੱਗਾ ਕਿ ਯੂਜ਼ਰਜ਼ ਦੇ ਈ-ਮੇਲ ਤੇ ਫੋਨ ਨੰਬਰ ਉੱਤੇ ਇੱਕ ਪਾਸਵਰਡ ਰੀਸੈਟ ?ਟੀ ਪੀ ਭੇਜਿਆ ਜਾਂਦਾ ਹੈ। ਇਸੇ ਮੌਕੇ ਹੈਕਰਸ ਅਕਾਊਂਟ ਹੈਕ ਕਰ ਲੈਂਦੇ ਹਨ। ਅੱਠ ਡਿਜਿਟ ਦਾ ਵਿਸ਼ੇਸ਼ ?ਟੀ ਪੀ ਤਿਆਰ ਕਰਨ ਉੱਤੇ ਅਕਾਊਂਟ ਹੈਕ ਨਹੀਂ ਕੀਤਾ ਜਾ ਸਕਿਆ। ਅੰਸ਼ਰਾਜ ਦੱਸਦੇ ਹਨ ਕਿ ਇਸੇ ਸਾਲ ਫਰਵਰੀ ਵਿੱਚ ਫੇਸਬੁੱਕ ਸੁਰੱਖਿਆ ਮੈਨੇਜਮੈਂਟ ਨੇ ?ਟੀ ਪੀ ਦੇ ਡਿਜਿਟ ਵਧਾਉਣ ਦੀ ਤਜਵੀਜ਼ ਮੰਨ ਕੇ ਫੀਚਰ ਵਿੱਚ ਅਪਡੇਟ ਕੀਤਾ ਤਾਂ ਦੇਖਾਦੇਖੀ ਦੂਜੀ ਮੀਡੀਆ ਸਾਈਟਾਂ ਨੇ ਵੀ ਅੱਠ ਡਿਜਿਟ ਦੇ ੳ ਟੀ ਪੀ ਸ਼ੁਰੂ ਕੀਤਾ।

# ਲੁਧਿਆਣਾ 'ਚ ਹੌਜ਼ਰੀ ਕਾਰੋਬਾਰੀ ਤੋਂ ਸਾਢੇ 9 ਲੱਖ ਰੁਪਏ ਲੁੱਟੇ

ਲੁਧਿਆਣਾ-ਇਸ ਸਨਅਤੀ ਸ਼ਹਿਰ ਵਿੱਚ ਦੋ ਮੋਟਰਸਾਈਕਲ ਸਵਾਰਾਂ ਤੇ ਲੁਟੇਰਿਆਂ ਨੇ ਸਵੇਰੇ ਹੌਜ਼ਰੀ ਸਨਅਤਕਾਰ ਕੋਲੋਂ ਸਾਢੇ 9 ਲੱਖ ਰੁਪਏ ਦੀ ਲੁੱਟ ਲਏ। ਵਾਰਦਾਤ ਲੁਧਿਆਣਾ ਦੇ ਆਰਕੇ ਰੋਡ ਦੀ ਹੈ, ਜਿਥੇ ਸ਼ਿਵਾ ਹੌਜ਼ਰੀ ਦੇ ਮਾਲਕ ਨੂੰ ਲੁਟੇਰਿਆਂ ਨੇ ਰਾਡ ਮਾਰ ਕੇ ਉਸ ਤੋਂ ਪੈਸਿਆਂ ਨਾਲ ਭਰਿਆ ਬੈਗ ਖੋਹ ਲਿਆ। ਜਦੋਂ ਤੱਕ ਫੈਕਟਰੀ ਮਾਲਕ ਕੁੱਝ ਕਰ ਸਕਦਾ, ਉਦੋਂ ਤੱਕ ਮੁਲਜ਼ਮ ਫ਼ਰਾਰ ਹੋ ਗਏ। ਬੈਗ ਵਿੱਚ ਸਾਢੇ 9 ਲੱਖ ਰੁਪਏ ਦੇ ਨਾਲ ਦੋ ਮੋਬਾਈਲ ਫੋਨ ਵੀ ਸਨ। ਸਾਰੀ ਵਾਰਦਾਤ ਫੈਕਟਰੀ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਵਾਰਦਾਤ ਦੀ ਸੂਚਨਾ ਮਿਲਦੇ ਹੀ ਏਡੀਸੀਪੀ ਰੁਪਿੰਦਰ ਕੌਰ ਸਰਾ, ਏਸੀਪੀ ਦਵਿੰਦਰ ਚੌਧਰੀ, ਥਾਣਾ ਮੋਤੀ ਨਗਰ ਪੁਲੀਸ ਤੇ ਸੀਆਈਏ ਸਟਾਫ਼ ਦੇ ਮੁਲਾਜ਼ਮ, ਫਿੰਗਰ ਪ੍ਰਿੰਟਸ ਦੀ ਟੀਮ ਵੀ ਮੌਕੇ ਤੇ ਪੁੱਜ ਗਈ ਹੈ। ਸ਼ਿਵਾ ਹੌਜ਼ਰੀ ਫੈਕਟਰੀ ਦੇ ਮਾਲਕ ਰਾਧੇ ਮੋਹਨ ਥਾਪਰ ਨੇ ਦੱਸਿਆ ਕਿ ਉਨ੍ਹਾਂ ਦੀ ਆਰਕੇ ਰੋਡ ਹੌਜ਼ਰੀ ਫੈਕਟਰੀ ਹੈ। ਮਹੀਨੇ ਦੀ 10 ਤਾਰੀਕ ਤੇ 25 ਤਾਰੀਕ ਨੂੰ ਉਹ ਮਜ਼ਦੂਰਾਂ ਨੂੰ ਤਨਖਾਹ ਦਿੰਦੇ ਹਨ। ਇਸ ਕਰਕੇ ਉਹ ਸਵੇਰੇ ਅੱਠ ਵਜੇ ਪੈਸੇ ਲੈ ਕੇ ਪੁੱਜੇ। ਉਨ੍ਹਾਂ ਨੇ ਸਾਰੇ ਪੈਸੇ ਬੈਗ ਵਿੱਚ ਰੱਖੇ ਸਨ, ਜਦੋਂ ਉਹ ਆਪਣੇ ਡਰਾਈਵਰ ਦੇ ਨਾਲ ਫੈਕਟਰੀ ਦੇ ਬਾਹਰ ਪੁੱਜੇ ਤਾਂ ਜਦੋਂ ਉਹ ਥੱਲੇ ਉਤਰਣ ਲੱਗੇ ਤਾਂ ਦੋ ਮੋਟਰਸਾਈਕਲਾਂ ਤੇ ਸਵਾਰ ਹੋ ਕੇ ਪੁੱਜੇ ਤਿੰਨ ਨੌਜਵਾਨਾਂ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਸਿੱਧੇ ਉਸ ਦੇ ਰਾਡ ਮਾਰ ਕੇ ਉਨ੍ਹਾਂ ਦੇ ਹੱਥ ਵਿੱਚ ਫੜ੍ਹਿਆ ਬੈਗ ਖੋਹ ਲਿਆ। ਲੁਟੇਰੇ ਧੱਕਾ ਮਾਰ ਕੇ ਬੈਗ ਖੋਹ ਫ਼ਰਾਰ ਹੋ ਗਏ।

# ਨਵਜੋਤ ਸਿੱਧੂ ਨੇ ਐਸ ਟੀ ਐਫ਼ ਦੀ ਰਿਪੋਰਟ ਨੂੰ ਲੈ ਕੇ ਕੈਪਟਨ ਵਿਰੁੱਧ ਫਿਰ ਮੋਰਚਾ ਖੋਲ੍ਹਿਆ

ਚੰਡੀਗੜ੍ਹ-ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਡਰੱਗਜ਼ ਕੇਸ ਉੱਤੇ ਸੁਣਵਾਈ ਦੌਰਾਨ ਅਦਾਲਤ ਨੇ ਪੰਜਾਬ ਸਰਕਾਰ ਵੱਲੋਂ ਦਿੱਤੇ ਬਿਆਨ ਉੱਤੇ ਪੰਜਾਬ ਸਰਕਾਰ ਨੂੰ ਝਾੜ ਪਾਈ ਸੀ। ਇਸ ਝਾੜ ਉੱਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਇੱਕ ਵਾਰ ਮੁੜ ਤੋਂ ਸਾਬਕਾ ਮੁੱਖ ਮੰਤਰੀ ਨੂੰ ਘੇਰਦੇ ਨਜ਼ਰ ਆਏ। ਸਿੱਧੂ ਨੇ ਟਵੀਟ ਰਾਹੀਂ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਐਡਵੋਕੇਟ ਜਨਰਲ ਅਤੁਲ ਨੰਦਾ ਦੇ ਬਾਰੇ ਕਿਹਾ ਕਿ ਕੈਪਟਨ ਸਰਕਾਰ ਅਤੇ ਸਾਬਕਾ ਐਡਵੋਕੇਟ ਜਨਰਲ ਅਤੁਲ ਨੰਦਾ ਵੱਲੋਂ ਕਾਰਵਾਈ ਨਾ ਕਰਨ ਦੇ ਮੇਰੇ ਦੋਸ਼ਾਂ ਉੱਤੇ ਹਾਈ ਕੋਰਟ ਨੇ ਮੋਹਰ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਪੈਸ਼ਲ ਟਾਸਕ ਫੋਰਸ(ਐਸ ਟੀ ਐਫ਼) ਦੀ ਰਿਪੋਰਟ ਉੱਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਰਵਾਈ ਵਿੱਚ ਜਾਣ-ਬੁੱਝ ਕੇ ਦੇਰੀ ਕੀਤੀ। ਸਿੱਧੂ ਨੇ ਕਿਹਾ ਕਿ ਹਾਈ ਕੋਰਟ ਵਿੱਚ ਸੀਲ ਕੀਤੀ ਸਪੈਸ਼ਲ ਟਾਸਕ ਫ਼ੋਰਸ (ਐਸ ਟੀ ਐਫ਼) ਦੀ ਰਿਪੋਰਟ ਖੋਲ੍ਹਣ ਉੱਤੇ ਕੋਈ ਰੋਕ ਨਹੀਂ ਹੈ। ਇਸ ਦੇ ਬਾਵਜੂਦ ਕੈਪਟਨ ਅਤੇ ਸਾਬਕਾ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕੋਈ ਕਾਰਵਾਈ ਨਹੀਂ ਕੀਤੀ। ਦੋਹਾਂ ਨੇ ਦੋਸ਼ੀਆਂ ਨੂੰ ਬਚਾਉਣ ਵਾਸਤੇ ਦੇਰੀ ਕੀਤੀ, ਇਸ ਉੱਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਸੀ।










# ਕੈਨੇਡਾ ਵੱਸਦੇ ਸਿੱਧਵਾਂ ਦੋਨਾ ਪ੍ਰਵਾਸੀਆਂ ਨੇ ਮਨਾਈ ਪਰਿਵਾਰਕ ਨਾਈਟ

ਸਰੀ-ਕੈਨੇਡਾ ਦੇ ਸ਼ਹਿਰ ਸਰੀ ਰਹਿੰਦੇ ਸਿੱਧਵਾਂ ਦੋਨਾ ਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਧਵਾਂ ਦੋਨਾ ਪਰਿਵਾਰਕ ਨਾਈਟ ਸਰੀ ਦੇ ਪੰਜਾਬ ਬੈਂਕੁਇਟ ਹਾਲ ਵਿਚ ਮਨਾਈ ਗਈ। ਸ਼ੁਰੂਆਤ ਵਿਚ ਮੰਚ-ਸੰਚਾਲਕ ਤੇ ਪ੍ਰਬੰਧਕ ਲੱਖਾ ਸਿੱਧਵਾਂ ਨੇ ਆਏ ਹੋਏ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਵਿਅਕਤੀਆਂ ਅਤੇ ਨਵੇਂ ਜੰਮੇ ਬੱਚਿਆਂ ਨੂੰ ਵਧਾਈਆਂ ਦਿੱਤੀਆਂ। ਉਸ ਤੋਂ ਉਪਰੰਤ ਇਸ ਸਾਲ ਪਿੰਡ ਤੋਂ ਵਿਸ਼ੇਸ਼ ਤੌਰ 'ਤੇ ਨਾਈਟ ਲਈ ਪਹੁੰਚੇ ਪਿੰਡ ਵਾਸੀ ਸ. ਮੱਸਾ ਸਿੰਘ ਸਿੱਧੂ (ਸਾਬਕਾ ਡੀ.ਈ.ਓ.) ਕਪੂਰਥਲਾ ਨੇ ਮਾਇਕ ਤੋਂ ਬੋਲਦਿਆਂ ਆਪਣੀ ਪੜ੍ਹਾਈ ਅਤੇ ਜੀਵਨ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਅਤੇ ਸਭ ਦਾ ਧੰਨਵਾਦ ਕੀਤਾ। ਉਸ 'ਤੇ ਗੁਰਦੇਵ ਸਿੰਘ ਸਿੱਧੂ ਹੁਰਾਂ ਨੇ ਅਲਗੋਜੇ ਵਜਾ ਕੇ ਸਭ ਨੂੰ ਮੰਤਰ ਮੁਗਧ ਕੀਤਾ। ਫਿਰ ਸਿੱਧਵਾਂ ਪਿੰਡ ਦੀ ਦੋਹਤੀ ਬਲਵੀਰ ਢਿੱਲੋਂ ਨੇ ਇਕ ਕਵਿਤਾ ਬੋਲੀ ਅਤੇ ਉਸ ਤੋਂ ਬਾਅਦ ਬੱਚਿਆਂ ਦਾ ਭੰਗੜਾ ਤੇ ਫਿਰ ਮਿਊਜ਼ਿਕਲ ਚੇਅਰ ਮੁਕਾਬਲੇ ਕਰਵਾਏ ਗਏ। ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਰਹਿਣ ਵਾਲਿਆਂ ਨੂੰ ਸਪੈਸ਼ਲ ਪ੍ਰਾਇਸ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਆਖਿਰ ਵਿਚ ਲੱਖਾ ਸਿੱਧਵਾਂ ਨੇ ਜਸਵੀਰ ਸਿੱਧੂ, ਕਿਰਨ ਅਤੇ ਮੱਸਾ ਸਿੰਘ ਹੁਰਾਂ ਨੇ ਆਪਣੇ ਬਾਕੀ ਟੀਮ ਮੈਂਬਰਾਂ ਅਤੇ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਰੱਲ ਮਿਲ ਕੇ ਦੁੱਖ-ਸੁੱਖ ਵਿਚ ਸ਼ਰੀਕ ਹੋਣ ਦੇ ਵਾਅਦੇ ਨਾਲ ਸਿੱਧਵਾਂ ਦੋਨਾ 2021 ਦੀ ਨਾਈਟ ਨੂੰ ਅਲਵਿਦਾ ਆਖੀ।








# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**


NEW NAME • NEW LOOK • NEW MANAGEMENT
VOLKEN'S
MARKET & FURNITURE
WE CHANGE LIVES - YOU SAVE MONEY
PRODUCE
Russet Potatoes
10 lb bag.
$3.49 /ea
Bananas
69¢/lb
Cauliflower
$2.49 /ea
Apple Bags
5lb
$3.99 /ea
GENERAL MERCH
Tree Skirts & Stockings
Starting at
$7.99
Poinsettias
4" pot
$3.49 /ea
Christmas Decorations
Starting at
$1.99
GROCERY
Italissima Whole Ripe Olives
398 ml
2/$3.50
or $1.99 /ea
Avalon Whole Milk Powder
500 g
2/$11.99
or $7.99 /ea
Maggi Instant Noodles
70 g
3/99¢
Bush's Best Baked Beans
3/$4.99
or $1.89 /ea
Roasted Chana
$3.99 /ea
Mango Pulp
$2.79 /ea
BAKERY
Assorted Holiday Cookie Trays
Starting at
$3.99
Fraser Valley Gourmet Toffee & Turkish Delight
$3.99 /ea
In-Store Freshly Baked Bread
White or Whole Wheat
2 FOR $1.99
Multigrain Cranberry Bread
$3.29 /ea
Mincemeat Tarts
$4.49 /ea
6 pack
MEAT
Water Buffalo & Bison Products
$2.99/100g
Old Fashion Ham
$1.69 /100g
(more savings in store)
DAIRY
Western Family Butter 454 g
$4.99
Meatman's Sausages
$5.99 /ea
MasterCut Beef Burgers
12 pack
$13.99 /ea
Cheemo Perogies
2 kg
$4.99 /ea
Dona Elsita White Corn Tortillas
50 pack
$3.99 /ea
FURNITURE
Karsen Sofa & Loveseat Set
$2699.95 Set Price
Dining Table W/ 4 Chairs & Bench
$1199.95 Set Price
DEXTON
MEDICAL CORPORATION
604 503 9389
10% off on all mobility aid products.
Offer valid
Dec 9 to Dec 24
CANADA'S ONLY NOT-FOR-PROFIT MARKET & FURNITURE STORE
ALL PROCEEDS GO TO CHARITY
www.VOLKENSMARKET.org
6911 KING GEORGE BLVD.
MON-SAT
9AM TO 8PM
CLOSED SUNDAY
PRICES VALID DEC 09 TO DEC 24

ਬੀ.ਸੀ. ਵਿੱਚ ਕੋਵਿਡ-19



5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਲਈ ਹੁਣ ਕੋਵਿਡ-19 ਪਿਡਿਐਟ੍ਰਿਕ ਵੈਕਸੀਨ ਉਪਲਬਧ ਹਨ।

ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids

BRITISH COLUMBIA

# ਮੁੱਖ ਮੰਤਰੀ ਚੰਨੀ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ

## ਤਲਵੰਡੀ ਸਾਬੋ ਵਿੱਚ ਵਿਰਾਸਤੀ ਮਾਰਗ ਬਣੇਗਾ, ਵਿਕਾਸ ਲਈ 15 ਕਰੋੜ ਦਿੱਤੇ



ਤਲਵੰਡੀ ਸਾਬੋ-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਟੀਵੀ ਅਤੇ ਰੇਡੀ ? ਚੈਨਲਾਂ ਨੂੰ ਇੱਕੋ ਜਿਹੇ ਅਧਿਕਾਰ ਦੇਣ ਦੇ ਆਦੇਸ਼ ਦਿੱਤੇ ਜਾਣ ਤਾਂ ਕਿ ਗੁਰਬਾਣੀ ਕੀਰਤਨ ਦੀ ਪਹੁੰਚ ਵੱਧ ਤੋਂ ਵੱਧ ਲੋਕਾਂ ਤੱਕ ਵੀ ਯਕੀਨੀ ਬਣਾਈ ਜਾ ਸਕੇ ਅਤੇ ਕੋਈ ਵੀ ਸਰਧਾਲੂ ਕੀਰਤਨ ਸਰਵਣ ਕਰਨ ਤੋਂ ਵਾਂਝਾ ਨਾ ਰਹੇ। ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਨਿੱਜੀ ਪੱਤਰ ਦੇ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਜਿਸ ਤਰ੍ਹਾਂ ਸਿੱਖ ਸੰਗਤ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ 'ਖੁੱਲੇ ਦਰਸ਼ਨ ਦੀਦਾਰ ਲਈ ਤਾਂਘਦੀ ਹੈ, ਉਸੇ ਤਰ੍ਹਾਂਸਿੱਖ ਸੰਗਤ ਦੀ ਸ੍ਰੀ ਹਰਿਮੰਦਰ ਸਾਹਿਬ ਤੋਂ ਹਰ ਸਮੇਂ 'ਖੁੱਲ੍ਹੇ ਪ੍ਰਸਾਰਨ ਦੀ ਵੀ ਹਮੇਸ਼ਾ ਤੋਂ ਤੀਬਰ ਇੱਛਾ ਹੈ।ਮੁੱਖ ਮੰਤਰੀ ਨੇ ਜਥੇਦਾਰ ਸਾਹਿਬ ਨੂੰ ਭਰੋਸਾ ਦਿੱਤਾ ਕਿ ਇਸ ਕਾਰਜਲਈ ਲੋੜੀਂਦਾ ਢਾਂਚਾ ਬਣਾਉਣ ਜਾਂ ਹੋਰ ਖਰਚ ਪੰਜਾਬ ਸਰਕਾਰ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰਫ ਇਕ ਸੀਮਤ ਪ੍ਰਸਾਰਨ ਘੇਰੇ ਵਾਲੇ ਅਤੇ ਇਕ ਪਰਿਵਾਰ ਦੀ ਮਾਲਕੀ ਵਾਲੇ ਪੰਜਾਬੀ ਚੈਨਲ ਨੂੰ ਕੁਝ ਰਕਮ ਬਦਲੇ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਦੇਣ ਦਾ ਫੈਸਲਾ ਦਰੁਸਤ ਨਹੀਂ ਲੱਗਦਾ। ਮੁੱਖ ਮੰਤਰੀ ਚਰਨਜੀਤ ਸਿੰਘ ਨੇ ਕਿਹਾ ਕਿ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਿੱਚ ਬਹੁਮਤ ਹੈ ਤੇ ਉਸ ਨੇ 1996 ਅਤੇ 2004 ਵਿੱਚ ਹੋਈ ਸ਼੍ਰੋਮਣੀ ਕਮੇਟੀ ਦੀ ਚੋਣ ਲਈ ਜਾਰੀ ਕੀਤੇ ਗਏ ਆਪਣੇ ਚੋਣ ਮੈਨੀਫੈਸਟੋ ਵਿੱਚ ਸਿੱਖ ਸੰਗਤ ਨਾਲ ਵਾਅਦਾ ਕੀਤਾ ਸੀ ਕਿ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ੍ਰੋਮਣੀ ਕਮੇਟੀ ਆਪਣਾ ਟੀਵੀ ਚੈਨਲ ਚਲਾਵੇਗੀ।ਮੁੱਖ ਮੰਤਰੀ ਨੇ ਜਥੇਦਾਰ ਸਾਹਿਬ ਨੂੰ ਇਸ ਗੰਭੀਰ ਮੁੱਦੇ ਬਾਰੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਲੋੜੀਂਦੀਆਂ ਹਦਾਇਤਾਂ ਦੇਣ ਦੀ ਬੇਨਤੀ ਵੀ ਕੀਤੀ। ਇਸ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਤਿਹਾਸਕ ਨਗਰ ਤਲਵੰਡੀ ਸਾਬੋ ਦੇ ਵਿਕਾਸ ਲਈ ਕੁਝ ਨਾ ਕਰਨ ਲਈ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੀ ਨੁਕਤਾਚੀਨੀ ਕਰਦਿਆਂ ਐਲਾਨ ਕੀਤਾ ਕਿ ਅੰਮ੍ਰਿਤਸਰ ਅਤੇ ਚਮਕੌਰ ਸਾਹਿਬ ਵਾਂਗ ਤਲਵੰਡੀ ਸਾਬੋ ਵਿਖੇ ਵਿਰਾਸਤੀ ਮਾਰਗ ਬਣਾਇਆ ਜਾਵੇਗਾ।ਅੱਜ ਏਥੇ ਦਾਣਾ ਮੰਡੀ ਵਿਚ ਇਕ ਭਰਵੀਂ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਬਾਦਲਾਂ ਨੇ ਸਾਰਾ ਧਿਆਨ ਆਪਣੇ ਖ਼ਜ਼ਾਨੇ ਭਰਨ ਵੱਲ ਲਾਈ ਰੱਖਿਆ ਅਤੇ ਪਵਿੱਤਰ ਸ਼ਹਿਰ ਤਲਵੰਡੀ ਸਾਬੋ ਦੇ ਵਿਕਾਸ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਧਾਰਮਿਕ ਪੱਖ ਤੋਂ ਮਹੱਤਵ ਵਾਲੇ ਇਸ ਸ਼ਹਿਰ ਦੇ ਵਿਕਾਸ ਲਈ ਵਿਸ਼ੇਸ਼ ਉੱਦਮ ਕੀਤੇ ਜਾਣਗੇ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਜਰੂਰੀ ਹੈ ਹਰ ਪਿੰਡ ਅਤੇ ਸ਼ਹਿਰ ਵਿਚ ਲਾਇਬ੍ਰੇਰੀ ਦਾ ਹੋਣਾ

ਅਸੀਂ ਸਾਰੇ ਸਮਾਜ ਸੁਧਾਰ ਦੀਆਂ ਗੱਲਾਂ ਕਰਦੇ ਹਾਂ , ਸਮਾਜ ਦੀ ਵਿਵਸਥਾ ਦੇ ਵਿਗੜਦੇ ਢਾਂਚੇ ਬਾਰੇ ਚਿੰਤਤ ਹੁੰਦੇ ਹਾਂ । ਨੋਜਵਾਨ ਪੀੜੀ ਦੇ ਵਿਵਹਾਰ ਵਿੱਚ ਆ ਰਹੇ ਪਰਿਵਰਤਨ ਬਾਰੇ ਘਰਾਂ ਵਿੱਚ ਜਾਂ ਹੋਰ ਜਗ੍ਹਾ ਜਿੱਥੇ ਵੀ ਅਸੀਂ ਵਿਚਰਦੇ ਹਾਂ ਵਿਚਾਰ ਚਰਚਾ ਕਰਦੇ ਹਾਂ , ਇਸ ਆਈ ਤਬਦੀਲੀ ਦਾ ਕਾਰਣ ਆਧੁਨਿਕੀਕਰਨ ਮੰਨਿਆ ਜਾਂਦਾ ਹੈ ਜੇ ਗੱਲ ਅਧੁਨਿਕਤਾ ਦੇ ਵਿਗਾੜ ਦੀ ਆਉਦੀਂ ਹੈ ਤਾਂ ਮੋਬਾਇਲ ਦਾ ਖਿਆਲ ਸਭ ਤੋਂ ਪਹਿਲਾਂ ਆਉਂਦਾ ਹੈ । ਹਰ ਹੱਥ ਵਿੱਚ ਮੋਬਾਇਲ ਹੈ ਅਤੇ ਮੋਬਾਇਲ ਵਿੱਚ ਦੁਨੀਆਂ ਸਮਾਈ ਹੋਈ ਹੈ, ਹਰ ਤਰ੍ਹਾਂ ਦੇ ਲੋਕ, ਹਰ ਤਰ੍ਹਾਂ ਦੇ ਮੰਨੋਰੰਜਨ ਦੇ ਸਾਧਨ, ਹਰ ਤਰ੍ਹਾਂ ਦਾ ਗਿਆਨ। ਜੇ ਜ਼ਿਕਰ ਗਿਆਨ ਦਾ ਕੀਤਾ ਤਾਂ ਗਿਆਨ ਦਾ ਸਭ ਤੋਂ ਵੱਡਾ ਸੋਮਾ ਲਾਇਬ੍ਰੇਰੀਆਂ ਨੂੰ ਮੰਨਿਆ ਜਾਂਦਾ ਹੈ। ਜਿੰਨੇ ਵੀ ਮਹਾਨ ਲੋਕਾਂ ਦੀ ਜੀਵਨੀ ਪੜੀ ਜਾਵੇ ਸਿੱਟਾ ਇੱਕੋ ਹੀ ਨਿਕਲਦਾ ਹੈ ਕਿ ਉਹਨਾਂ ਦੇ ਜੀਵਨ ਵਿੱਚ ਕਿਤਾਬਾਂ ਦਾ ਇੱਕ ਖਾਸ ਮਹੱਤਵ ਸੀ। ਉਹਨਾਂ ਦੇ ਨਿੱਤ ਦੇ ਕੰਮਾਂ ਵਿੱਚ ਲਾਇਬ੍ਰੇਰੀ ਜਾਣਾ ਵੀ ਸ਼ਾਮਿਲ ਹੁੰਦਾ ਸੀ। ਜਿਵੇਂ ਮੈਂ ਸ਼ੁਰੂਆਤ ਵਿੱਚ ਜ਼ਿਕਰ ਕੀਤਾ ਕਿ ਅਸੀਂ ਸਮਾਜ ਨੂੰ ਲੈਕੇ ਚਿੰਤਤ ਹਾਂ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਉਸ ਵਿੱਚ ਬਦਲਾਵ ਲਿਆਉਣ ਲਈ ਕੰਮ ਕੀ ਕਰ ਰਹੇ ਹਾਂ ? ਵਿਕਾਸ ਅਤੇ ਸਮਾਜ ਅਸੀਂ ਵਿਕਸਿਤ ਦੇਸ਼ਾਂ ਵਰਗਾ ਚਾਹੁੰਦੇ ਹਾਂ ਪਰ ਉਸ ਲਈ ਕੋਈ ਵੀ ਉਦਮ ਕਰਨ ਲਈ ਤਿਆਰ ਨਹੀਂ। ਜਿੰਨੇ ਵੀ ਵਿਕਸਿਤ ਦੇਸ਼ ਹਨ ਉਸ ਪਿੱਛੇ ਕਿਤਾਬਾਂ ਦੀ ਇੱਕ ਬਹੁਤ ਵੱਡੀ ਭੂਮਿਕਾ ਰਹੀ ਹੈ। ਪਰ ਸਾਡੇ ਸਮਾਜ ਵਿਚੋਂ ਕਿਤਾਬਾਂ ਪ੍ਰਤੀ ਸਨੇਹ ਜਿਵੇਂ ਖਤਮ ਹੀ ਹੁੰਦਾ ਜਾ ਰਿਹਾ। ਜੇਕਰ ਗੱਲ ਪੰਜਾਬ ਦੀ ਹੀ ਕਰ ਲਈ ਜਾਵੇ ਤਾਂ ਬਹੁਤ ਘੱਟ ਅਜਿਹੇ ਜਿਲ੍ਹੇ ਹੋਣਗੇ ਜਿੰਨਾ ਵਿੱਚ ਲਾਇਬ੍ਰੇਰੀਆਂ ਹੋਣਗੀਆਂ। ਪਿੰਡ ਤਾਂ ਸੋ ਵਿਚੋਂ ਕੋਈ ਇੱਕ ਹੀ ਹੋਵੇਗਾ ਜਿੱਥੇ ਲਾਇਬ੍ਰੇਰੀ ਬਣੀ ਹੋਵੇਗੀ, ਜੇ ਕਿਸੇ ਪਿੰਡ ਸ਼ਹਿਰ ਵਿੱਚ ਲਾਇਬ੍ਰੇਰੀ ਬਣੀ ਵੀ ਹੈ ਤਾਂ ਉਸ ਦੀ ਹਾਲਤ ਏਨੀ ਤਰਸਯੋਗ ਹੈ ਕਿ ਉਸਦਾ ਹੁਲੀਆ ਵੇਖ ਕੋਈ ਅੰਦਰ ਜਾਣ ਦੀ ਜੁਅਰਤ ਨਹੀਂ ਕਰਦਾ, ਅੰਦਰ ਜਾਣ ਵਾਲੇ ਨੂੰ ਲਾਇਬ੍ਰੇਰੀ ਦੀ ਹਾਲਤ ਦੇਖ ਡਰ ਲੱਗਣ ਲੱਗਦਾ ਹੈ ਕਿ ਕਿਤੇ ਇਹ ਖਸਤਾ ਹਾਲਤ ਵਿੱਚ ਬਣੀਆਂ ਲਾਇਬ੍ਰੇਰੀਆਂ ਦੀ ਬਿਲਡਿੰਗ ਹੀ ਨਾ ਡਿੱਗ ਪਵੇ ! ਲਾਇਬ੍ਰੇਰੀ ਵਿੱਚ ਕੋਈ ਲਾਇਬ੍ਰੇਰੀਅਨ ਨਹੀ ਹਨ, ਕੋਈ ਕਿਤਾਬਾਂ ਦੀ ਸਾਂਭ ਸੰਭਾਲ ਲਈ ਨਹੀਂ ਹੈ, ਕੋਈ ਅਜਿਹਾ ਨਹੀਂ ਜੋ ਹਿੰਮਤ ਕਰਕੇ ਨੋਜਵਾਨਾਂ ਨੂੰ ਪ੍ਰੇਰਿਤ ਕਰ ਸਕੇ ਕਿ ਕੁਝ ਸਮਾਂ ਲਾਇਬ੍ਰੇਰੀ ਲਈ ਵੀ ਜਰੂਰ ਕੱਢੋ। ਜਿਸ ਸਮਾਜ ਦਾ ਨੋਜਵਾਨ ਵਰਗ ਕਿਤਾਬਾਂ ਨਾਲ ਜੁੜਿਆ ਹੁੰਦਾ ਹੈ ਉਸ ਸਮਾਜ ਵਿੱਚ ਸੁਨਿਹਰੀ ਭਵਿੱਖ ਦੀ ਉਮੀਦ ਰੱਖੀ ਜਾ ਸਕਦੀ ਹੈ , ਪਰ ਜਿੱਥੇ ਜਨਤਕ ਲਾਇਬ੍ਰੇਰੀ ਹੀ ਨਾ ਹੋਣ ਜੇ ਹੋਣ ਵੀ ਤਾਂ ਤਰਸਯੋਗ ਹਾਲਤ ਵਿੱਚ ਤਾਂ ਉਥੇ ਅਸੀਂ ਜਿਆਦਾ ਸੁਲਝੇ ਹੋਏ ਲੋਕਾਂ ਦੇ ਸਮਾਜ ਦੀ ਆਸ ਨਹੀਂ ਰੱਖ ਸਕਦੇ। ਮੈਂ ਅਕਸਰ ਦੇਖਦੀ ਹਾਂ ਸਾਹਿਤ ਨਾਲ ਜੁੜੀਆਂ ਕਿੰਨੀਆਂ ਗਤੀਵਿਧੀਆਂ ਹੁੰਦੀਆਂ ਹਨ, ਕਿੰਨੇ ਸਮਾਰੋਹ ਕਰਵਾਏ ਜਾਂਦੇ ਹਨ, ਕਿੰਨੇ ਕਵੀ ਸੰਮੇਲਨ ਹੁੰਦੇ ਹਨ, ਪਰ ਅਫਸੋਸ ਸਾਰੇ ਫੋਕੇ, ਅਫਸੋਸ ਸਾਰੇ ਸਨਮਾਨ ਚਿੰਨ੍ਹ ਦੇਣ ਅਤੇ ਪ੍ਰਾਪਤ ਕਰਨ ਤੱਕ ਸੀਮਤ ਹਨ। ਵੱਡੇ ਵੱਡੇ ਬੁਲਾਰੇ ਆਉਦੇ ਹਨ , ਬੋਲ ਕੇ ਚਲੇ ਜਾਂਦੇ ਹਨ, ਸੁਣਨ ਵਾਲੇ ਵੀ ਸੁਣ ਕੇ ਨਾਲ ਲੈਕੇ ਜਾਣ ਦੀ ਬਜਾਇ ਜੋ ਸੁਣਿਆ ਹੁੰਦਾ ਹੈ ਉੱਥੇ ਹੀ ਛੱਡ ਰਾਹ ਪੈਂਦੇਂ ਹਨ।ਕਿਸੇ ਨੇ ਜਨਤਕ ਲਾਇਬ੍ਰੇਰੀਆਂ ਦੀ ਸਾਂਭ ਸੰਭਾਲ ਲਈ ਕਦਮ ਚੁੱਕਣ ਦਾ ਹੀਲਾ ਨਹੀਂ ਕੀਤਾ ਅਤੇ ਨਾ ਹੀ ਬੋਲਣ ਦਾ।ਕਹਿਣ ਤੋਂ ਭਾਵ ਕਿ ਸਾਹਿਤ ਦਾ ਸਭ ਤੋਂ ਵੱਡਾ ਘਰ ਲਾਇਬ੍ਰੇਰੀਆਂ ਹਨ, ਵੱਡੇ ਵੱਡੇ ਸਾਹਿਤਕਾਰ ਜਾਂ ਸਮਾਜ ਦੇ ਆਗੂਆਂ ਨੂੰ ਲਾਇਬ੍ਰੇਰੀਆਂ ਦੀ ਹੋਂਦ ਲਈ ਹੰਬਲਾ ਜਰੂਰ ਮਾਰਨਾ ਚਾਹੀਦਾ ਹੈ। ਲਾਇਬ੍ਰੇਰੀ ਦੀ ਉਸਾਰੀ ਅਤੇ ਸਾਂਭ ਸੰਭਾਲ ਲਈ ਬਹੁਤ ਸਾਰੇ ਕਦਮ ਚੁੱਕਣ ਦੀ ਜਰੂਰਤ ਹੈ। ਜਿਹੜੀਆਂ ਸਰਕਾਰਾਂ ਫੋਨ, ਲੈਪਟਾਪ ਜਾਂ ਅਜਿਹੀਆਂ ਹੋਰ ਨਿੱਕੀਆਂ ਮੋਟੀਆਂ ਚੀਜ਼ਾਂ ਦੇ ਲਾਲਚ ਦੇ ਤੇ ਲਾਰੇ ਲਾਕੇ ਵੋਟਾਂ ਮੰਗਦੀਆਂ ਹਨ , ਉਹਨਾਂ ਨੂੰ ਚਾਹੀਦਾ ਹੈ ਕਿ ਭੁੱਲੇ ਚੁੱਕੇ ਕਿਤੇ ਇਹ ਵੀ ਕਹਿ ਦੇਣ ਕਿ ਹਰ ਪਿੰਡ ਹਰ ਸ਼ਹਿਰ ਵਿੱਚ ਲਾਇਬ੍ਰੇਰੀ ਬਣਾਈ ਜਾਵੇਗੀ, ਤਾਂ ਜੋ ਪੜਣ ਦੇ ਸ਼ੌਕੀਨ ਉਹ ਲੋਕ ਜਿੰਨਾ ਕੋਲ ਕਿਤਾਬਾਂ ਖਰੀਦਣ ਦੀ ਗੁੰਜਾਇਸ਼ ਨਹੀਂ ਹੈ ਇਸਦਾ ਲਾਭ ਉਠਾ ਸਕਣ । ਇਸ ਤੋਂ ਇਲਾਵਾ ਜਿੰਨਾ ਸ਼ਹਿਰਾਂ ਜਾਂ ਪਿੰਡਾਂ ਵਿੱਚ ਲਾਇਬ੍ਰੇਰੀਆਂ ਬਣੀਆਂ ਹਨ ਪਰ ਸੰਭਾਲ ਨਹੀਂ ਹੈ ਤਾਂ ਉਥੋਂ ਦੇ ਵਸਨੀਕਾਂ ਨੂੰ ਲਾਇਬ੍ਰੇਰੀ ਨੂੰ ਵੀ ਇੱਕ ਗਿਆਨ ਦਾ ਮੰਦਿਰ ਸਮਝ ਸਾਂਭ ਸੰਭਾਲ ਕਰ ਲੈਣੀ ਚਾਹੀਦੀ ਹੈ। ਕਿਤਾਬਾਂ ਸਾਡੀਆਂ ਸਭ ਤੋਂ ਵੱਡੀਆਂ ਰਾਹ ਦਸੇਰਾ ਹਨ। ਮੁਹਤਬਰਾਂ ਨੂੰ ਚਾਹੀਦਾ ਹੈ ਕਿ ਪਿੰਡ ਤੇ ਸ਼ਹਿਰਾਂ ਦੀ ਸੜਕਾਂ ਤੇ ਹੋਰ ਕੰਮਾਂ ਲਈ ਗ੍ਰਾਂਟਾ ਮੰਗਣ ਵੇਲੇ ਲਾਇਬ੍ਰੇਰੀ ਦਾ ਖਿਆਲ ਵੀ ਕਰ ਲਿਆ ਜਾਵੇ। ਮਾਪਿਆਂ ਨੂੰ ਵੀ ਬੱਚਿਆਂ ਨੂੰ ਫੋਨ ਦੇ ਆਹਰੇ ਲਗਾਉਣ ਦੀ ਬਜਾਇ ਲਾਇਬ੍ਰੇਰੀ ਵਿੱਚ ਕੁਝ ਸਮਾਂ ਜਰੂਰ ਲੈਕੇ ਜਾਣਾ ਚਾਹੀਦਾ ਹੈ। ਸੋ ਜੇਕਰ ਅਸੀਂ ਇੱਕ ਸੁਲਝਿਆ ਹੋਇਆ ਸਮਾਜ ਸਿਰਜਣਾ ਚਾਹੁੰਦੇ ਹਾਂ ਤਾਂ ਕਿਤਾਬਾਂ ਨਾਲ ਸਾਂਝ ਪਾਉਣੀ ਪਵੇਗੀ। ਕੋਈ ਵੀ ਵਰਗ ਹੋਵੇ, ਰਾਜਨੇਤਾ, ਪਿੰਡਾਂ ਸ਼ਹਿਰਾਂ ਦੇ ਮੁਹਤਬਰ, ਆਮ ਜਨਤਾ, ਮਾਪੇ ਸਾਰਿਆਂ ਨੂੰ ਇਸ ਲਈ ਹੰਭਲਾ ਮਾਰਨ ਦੀ ਜਰੂਰਤ ਹੈ। ਕਿਤਾਬਾਂ ਨਾਲ ਜੁੜ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ, ਇੱਕ ਅਜਿਹਾ ਸਮਾਜ ਜੋ ਆਪਣੇ ਅਤੇ ਦੂਸਰਿਆਂ ਦੇ ਹੱਕਾਂ ਪ੍ਰਤੀ ਜਾਗਰੂਕ ਹੋਵੇ, ਇੱਕ ਅਜਿਹਾ ਸਮਾਜ ਜੋ ਫੋਕੇ ਦਿਖਾਵੇ ਤੋਂ ਕੋਹਾਂ ਦੂਰ ਹੋਵੇ ਤੇ ਪਿਆਰ, ਸਤਿਕਾਰ ਤੇ ਮਿਲਵਰਤਨ ਦੀ ਭਾਵਨਾ ਦਾ ਸੁਨੇਹਾ ਦਿੰਦਾ ਹੋਵੇ।



**ਹਰਕੀਰਤ ਕੌਰ**
**9779118066**

# ਦੇਸ਼ ਨਿਕਾਲਾ ਦਿੱਤੀ ਜਾ ਰਹੀ 'ਮਾਂ ਬੋਲੀ ਪੰਜਾਬੀ'

